
# ਵਰਤਮਾਨ ਹਿੰਦੂਸਤਾਨ

# VARTMAN HINDUSTAN



ਸ੍ਰੀ ਸਤਿਗੁਰੂ ਜੀ ਅਮਰ ਭਾਰਤੀ ਜੀ ਨੂੰ 'ਸਾਹਿਤ ਮਾਰਤੰਡ' ਸਨਮਾਨ
ਦੀ ਬਖ਼ਸ਼ਿਸ਼ ਕਰ ਰਹੇ ਹਨ।

APRIL, 2004

Rs. 12/-

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ।
ਇਕਿ ਖੋਟੇ ਇਕਿ ਖਰੇ ਆਪੇ ਪਰਖਣੁ ਹਾਰੁ ।



ਗੁਰਬਾਣੀ ਦੀਆਂ ਉਪਰਲੀਆਂ ਪੰਕਤੀਆਂ ਨੂੰ ਅਰਥਾਉਂਦੇ ਭਾਵ ਹੀ ਉਸ ਵੇਲੇ ਮੇਰੇ ਅੰਦਰੋਂ ਜਾਗ ਉਠੇ ਸਨ ਜਦੋਂ ਸਤਿਗੁਰੂ ਜੀ ਨੇ ਮੇਰੇ ਗਲ ਵਿਚ ਮਾਲਾ ਪਾਈ ਅਤੇ ਸਨਮਾਨ ਸੂਚਕ ਵਸਤਾਂ ਮੇਰੇ ਹੱਥਾਂ ਵਿਚ ਦੇਂਦਿਆਂ ਹੌਲੀ ਜਿਹੀ ਚਾਰ ਕੁ ਸ਼ਬਦ ਆਖੇ। ਹੋਲੇ ਮੇਲੇ ਦੇ ਉਸ ਵਿਸ਼ਾਲ ਸਮਾਗਮ ਵਿਚ ਸਤਿਗੁਰੂ ਜੀ ਵਲੋਂ ਸਨਮਾਨ ਪ੍ਰਾਪਤ ਕਰਦਿਆਂ ਇਹ ਖ਼ਿਆਲ ਵੀ ਆਪਣੇ ਅੰਦਰੋਂ ਉਭਰਦਾ ਮਹਿਸੂਸ ਕਰ ਰਿਹਾ ਸਾਂ ਕਿ ਆਪ ਜੀ ਦੀ ਪਾਰਖੂ ਨਜ਼ਰ ਨੇ ਖੋਟਾ ਜਾਂ ਖਰਾ - ਜਿਹੋ ਜਿਹਾ ਵੀ ਹਾਂ - ਆਪਣਾ ਹੀ ਜਾਣਿਆਂ ਹੈ।

- ਅਮਰ ਭਾਰਤੀ

# ਵਰਤਮਾਨ ਹਿੰਦੁਸਤਾਨ
# VARTMAN HINDUSTAN

April, 2004

*Editor :*
Sarve Shaktiman

*Published & Printed by :*
Sarve Shaktiman
J-29-B, Ramesh Nagar,
New Delhi-110015
Ph. 25441674, 25448648
Fax : 011-25441674

*Laserset at :*
Vartman Hindustan
Ph. 25441674, 25448648

*Printed at :*
Deepika Printing Press
J-29-B, Ramesh Nagar,
New Delhi-110015
Ph. 25441674


## ਸ਼ਰਧਾਂਜ਼ਲੀ ਅੰਕ

### ਤਤਕਰਾ






ਚੰਦਾ (ਡਾਕ ਖਰਚ ਸਹਿਤ)

ਦੇਸ਼ :

| | |
|---|---|
| ਸਾਲਾਨਾ | 100 ਰੁਪਏ |
| ਲਾਈਫ ਮੈਂਬਰ | 1000 ਰੁਪਏ |

ਵਿਦੇਸ਼ :

ਇੰਗਲੈਂਡ ਅਤੇ ਯੂਰਪੀਨ ਦੇਸ਼ :

| | |
|---|---|
| ਸਾਲਾਨਾ | 25 ਪੌਂਡ |
| ਲਾਈਫ ਮੈਂਬਰ | 250 ਪੌਂਡ |

ਕਨੇਡਾ, ਅਮਰੀਕਾ, ਮਿਡਲ ਈਸਟ ਤੇ ਹੋਰ ਦੇਸ਼ :

| | |
|---|---|
| ਸਾਲਾਨਾ | 50 ਡਾਲਰ |
| ਲਾਈਫ ਮੈਂਬਰ | 500 ਡਾਲਰ |

- ਸਰਬ ਸ਼ਕਤੀਮਾਨ

# ਭਾਰਤੀ ਜੀ ਮਹਾ-ਪ੍ਰਸਥਾਨ ਕਰਦਿਆਂ

ਸ੍ਰੀ- ਅਮਰ ਭਾਰਤੀ ਜੀ ਸਾਡੇ ਭੀਸ਼ਮ ਪਿਤਾਮਾ ਸਨ, ਸਾਹਿਤ ਮਾਰਤੰਡ ਸਨ,ਯੋਗੀ ਸਨ, ਸਾਧਕ ਸਨ, ਦੂਰ ਦ੍ਰਿਸ਼ਟੀ ਦੇ ਮਾਲਕ ਸਨ ਅਤੇ ਕਿੱਤੇ ਪੱਖੋਂ ਹੋਮਿਓਪੈਥੀ ਦੇ ਡਾਕਟਰ ਸਨ। ਆਪ ਨੇ ਨਿਸਵਾਰਥ, ਲੋਭ ਰਹਿਤ, ਸੰਜਮੀ ਅਤੇ ਤਪਸੱਵੀ ਜੀਵਨ ਜੀਵਿਆ। ਆਪ ਅਜੇਹੇ ਗੁਣਾਂ ਦੇ ਮਾਲਕ ਸਨ, ਜਿਨ੍ਹਾਂ ਨੂੰ ਮੇਰੇ ਵਰਗਿਆਂ ਦੀ ਬੁੱਧੀ ਪਛਾਨਣ ਤੋਂ ਅਸਮਰਥ ਰਹੀ ਹੈ।

1994 ਵਿਚ ਭਾਰਤੀ ਜੀ ਨੂੰ ਦਿਲ ਦੇ ਦੌਰੇ ਨੇ ਆਪਣੇ ਘੇਰੇ ਵਿਚ ਲੈ ਲਿਆ ਅਤੇ ਸਾਰੀ ਰਾਤ ਲਗਭਗ ਸੱਤ ਘੰਟੇ ਲਗਾਤਾਰ ਦਿਲ 'ਤੇ ਹਮਲਾ ਜਾਰੀ ਰਿਹਾ। ਸੇਵਕ ਨਰੇਸ਼ ਦੀ ਸੇਵਾ, ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਅਤੇ ਯੋਗ-ਸਾਧਨਾ ਦੀਆਂ ਕ੍ਰਿਆਵਾਂ ਨਾਲ ਆਪ ਨੇ ਇਸ ਹਮਲੇ 'ਤੇ ਕਾਬੂ ਪਾ ਲਿਆ। ਤੁਰੰਤ ਸਤਿਗੁਰੂ ਜਗਜੀਤ ਸਿੰਘ ਜੀ ਭਾਰਤੀ ਜੀ ਨੂੰ ਦਰਸ਼ਨ ਦੇਣ ਆਏ ਤਾਂ ਉਸ ਸਮੇਂ ਸਤਿਗੁਰੂ ਜੀ ਦੇ ਉਚਾਰੇ ਬਚਨਾਂ ਤੋਂ ਸਾਨੂੰ ਜਾਣਕਾਰੀ ਮਿਲੀ ਕਿ ਭਾਰਤੀ ਜੀ ਉਚ ਕੋਟੀ ਦੇ ਸਾਧਕ ਹਨ। ਸਤਿਗੁਰੂ ਜੀ ਦੇ ਬਚਨ ਸਨ - "ਭਾਰਤੀ ਭਾਰਤ ਦੀ ਧਰੋਹਰ (ਵਿਰਾਸਤ) ਹੈ। ਭਾਰਤੀ ਵਿਦਵਾਨ ਲੇਖਕ ਦੇ ਨਾਲ ਨਾਲ ਇਕ ਸਾਧਕ ਵੀ ਹੈ।" ਸਤਿਗੁਰੂ ਜੀ ਦੀ ਰਸਨਾ ਤੋਂ ਸੁਣੇ ਇਹਨਾਂ ਬਚਨਾਂ ਦੇ ਅਰਥ ਕੁੱਝ ਕੁੱਝ ਉਦੋਂ ਸਮਝ ਆਏ ਜਦੋਂ ਅਸੀਂ ਪ੍ਰਤੱਖ ਰੂਪ ਵਿਚ ਭਾਰਤੀ ਜੀ ਨੂੰ ਮਨ, ਬਚਨ ਅਤੇ ਕਰਮ ਨਾਲ ਸਰੀਰ ਸਾਧ ਕੇ ਜੀਵਨ ਪੰਧ ਤੇ ਚਲਦਿਆਂ ਵੇਖਿਆ। ਕਿਉਂ ਜੁ ਉਸ ਦਿਲ ਦੇ ਦੌਰੇ ਉਪਰੰਤ ਡਾਕਟਰੀ ਭਾਸ਼ਾ ਵਿਚ ਉਹਨਾਂ ਦਾ ਹਿਰਦਾ ਕੇਵਲ 22% ਹੀ ਬਚਿਆ ਸੀ।

ਭਾਰਤੀ ਜੀ ਦੇ ਜੀਵਨ ਦੇ ਅੰਤਿਮ ਦਿਨਾਂ ਦੇ ਬ੍ਰਿਤਾਂਤ ਤੋਂ ਵੀ ਭਾਰਤੀ ਜੀ ਦੇ ਸਾਧਕ ਰੂਪੀ ਸ਼ਖਸ਼ੀਅਤ ਦੇ ਦਰਸ਼ਨ ਹੁੰਦੇ ਹਨ। ਮਾਰਚ ਮਹੀਨੇ ਦੀ 8 ਤਾਰੀਖ ਨੂੰ ਸਤਿਗੁਰੂ ਜੀ ਵਲੋਂ ਭਾਰਤੀ ਜੀ ਨੂੰ 'ਸਾਹਿਤ ਮਾਰਤੰਡ' ਸਨਮਾਨ ਦੀ ਬਖਸ਼ਿਸ਼ ਹੁੰਦੀ ਹੈ। ਕੁੱਝ ਦਿਨਾਂ ਬਾਅਦ ਅਜੇ ਵਧਾਈਆਂ ਦਾ ਦੌਰ ਚਲ ਹੀ ਰਿਹਾ ਸੀ ਕਿ ਆਪ ਨੇ ਪੇਟ ਵਿਚ ਦਰਦ ਮਹਿਸੂਸ ਕੀਤੀ। ਆਪ ਨੇ ਹੋਮਿਓਪੈਥੀ, ਐਕਿਊਪ੍ਰੈਸ਼ਰ ਅਤੇ ਹੋਰ ਯੋਗ-ਕ੍ਰਿਆਵਾਂ ਨਾਲ ਪੇਟ ਦੀ ਦਰਦ ਨੂੰ ਕਾਫੀ ਹੱਦ ਤਕ ਘਟਾਉਣ ਵਿਚ ਕਾਮਯਾਬੀ ਪ੍ਰਾਪਤ ਕਰ ਲਈ। ਆਪਣੇ ਮਿੱਤਰ ਡਾਕਟਰ ਮਨਜੀਤ ਸਿੰਘ ਦੀ ਸਲਾਹ ਉਪਰੰਤ ਆਲ ਇੰਡੀਆਂ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਵਿਚ ਪੇਟ ਦੀ ਤਕਲੀਫ ਦਾ ਅਸਲ ਕਾਰਨ ਜਾਨਣ ਦੀ ਕੋਸ਼ਿਸ਼ ਕੀਤੀ। ਹੈਡ ਡਾਕਟਰ ਪਿਊਸ਼ ਨੇ ਕੁੱਝ ਹੋਰ ਟੈਸਟ ਕਰਵਾਉਣ ਉਪਰੰਤ ਹਫਤੇ ਬਾਅਦ ਅਰਥਾਤ ਬੁੱਧਵਾਰ 14 ਅਪ੍ਰੈਲ ਨੂੰ ਦਿਖਾਉਣ ਵਾਸਤੇ ਹਿਦਾਇਤ ਕੀਤੀ। ਜਦੋਂ ਆਪ ਨੇ ਸਭ ਟੈਸਟ ਮੁਕੰਮਲ ਕਰਵਾ ਲਏ। ਸੋਮਵਾਰ 12 ਅਪ੍ਰੈਲ ਨੂੰ ਸੂਚਨਾ ਮਿਲੀ ਕਿ 14 ਅਪ੍ਰੈਲ ਨੂੰ ਵਿਸਾਖੀ ਅਤੇ ਅੰਬੇਡਕਰ ਜਨਮ ਦਿਹਾੜਾ ਹੋਣ ਕਾਰਨ ਛੁੱਟੀ ਦਾ ਦਿਨ ਹੈ। ਇਹਨਾਂ ਸਤਰਾਂ ਦੇ ਲੇਖਕ ਨੇ ਭਾਰਤੀ ਜੀ ਨੂੰ ਕਿਹਾ ਕਿ "ਚਾਚਾ ਜੀ, ਇਹ ਚੰਗਾ ਨਹੀਂ ਹੋਇਆ ਜੋ ਟੈਸਟ ਰਿਪੋਰਟਾਂ ਦਿਖਾਉਣ ਵਿਚ ਜ਼ਿਆਦਾ ਸਮਾਂ ਪੈ ਰਿਹਾ ਹੈ।" ਭਾਰਤੀ ਜੀ ਦਾ ਉੱਤਰ ਸੀ - "ਸਭ ਕੁੱਝ ਚੰਗਾ ਹੀ ਹੋ ਰਿਹਾ ਹੈ, ਸ਼ਾਇਦ ਹਸਪਤਾਲ ਜਾਣ ਦੀ ਲੋੜ ਹੀ ਨਾ ਪਵੇ।" ਭਾਰਤੀ ਜੀ ਦੇ ਕਹੇ ਇਹ ਸ਼ਬਦ ਸਾਡੀ ਸਮਝ ਤੋਂ ਬਹੁਤ ਉਪਰ ਦੇ ਸਨ। ਹਾਂ, ਹੁਣ ਜ਼ਰੂਰ ਲਗਦਾ ਹੈ ਕਿ ਸ਼ਾਇਦ ਭਾਰਤੀ ਜੀ ਨੇ ਵਿਸਾਖੀ ਅਤੇ ਅੰਬੇਡਕਰ ਜਨਮ ਦਿਹਾੜਾ ਹੀ ਮਹਾ-ਪ੍ਰਸਥਾਨ ਕਰਨ ਲਈ ਨਿਯਤ ਕਰ ਲਿਆ ਸੀ।

ਅੰਤਮ ਦਿਨ ਅਰਥਾਤ 14 ਅਪ੍ਰੈਲ ਦਾ ਬ੍ਰਿਤਾਂਤ ਵੀ ਉਹਨਾਂ ਦੇ ਸਾਧਕ ਰੂਪੀ ਗੁਣ ਦਾ ਪ੍ਰਗਟਾਵਾ ਕਰਦਾ ਹੈ। 14 ਅਪ੍ਰੈਲ ਨੂੰ ਸਵੇਰੇ 8-9 ਵਜੇ ਆਪ ਨੇ ਅਚਾਨਕ ਕੁੱਝ ਇਕ ਮਿੱਤਰ ਪਿਆਰਿਆਂ ਅਤੇ ਸਨੇਹੀਆਂ ਦੀ ਮਿੰਨੀ ਬੈਠਕ ਦਾ ਆਯੋਜਨ ਕਰ ਲਿਆ। ਇਹਨਾਂ ਵਿਚ ਇਹਨਾਂ ਸਤਰਾਂ ਦੇ ਲੇਖਕ (ਸਰਬ ਸ਼ਕਤੀਮਾਨ) ਤੋਂ ਇਲਾਵਾ ਸ਼ਾਮਲ ਸਨ - ਭਾਣਜਾ ਗੁਰਮੁਖ ਸਿੰਘ ਰਤਨ ਦਾ ਸਪੁੱਤਰ ਬਲਵਿੰਦਰ ਸਿੰਘ, ਭਾਣਜਾ ਸੁਰਿੰਦਰ ਪਾਲ ਸਿੰਘ, ਸਫਦਰਜੰਗ ਹਸਪਤਾਲ ਦੇ ਨਿਊਰੋ ਡਾਕਟਰ ਮਨਜੀਤ ਸਿੰਘ, ਸਤਿਜੁਗ ਦੇ ਸੰਪਾਦਕ ਪ੍ਰੋ. ਤਾਰਾ ਸਿੰਘ ਅਨਜਾਨ ਅਤੇ ਸੇਵਕ ਮੰਗਲ ਚੰਦ। ਉਸ ਬੈਠਕ ਵਿਚ ਭਾਰਤੀ ਜੀ ਨੇ ਜਾਣਕਾਰੀ ਦਿਤੀ ਕਿ "ਬੀਤੀ ਰਾਤ ਨੂੰ ਫਿਰ ਦਿਲ ਦੇ ਦੌਰੇ ਨੇ ਉਨ੍ਹਾਂ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ ਹੈ। ਤੁਸੀਂ ਸਭ ਮੇਰੇ ਕਥਨਾਂ ਨੂੰ ਸੁਣ ਲਓ ਅਤੇ ਲਿਖ ਲਓ। ਇਸ ਲਿਖਤ 'ਤੇ ਮੈਂ ਦਸਖਤ ਕਰਨੇ ਹਨ ਅਤੇ ਤੁਸੀਂ ਅਮਲ ਕਰਨਾ ਹੈ।" ਲਿਖਤ ਤੋਂ ਪਹਿਲਾਂ ਉਹਨਾਂ ਦੇ ਕਥਨਾਂ ਤੇ ਕੁੱਝ ਵਿਚਾਰ ਵਟਾਂਦਰਾ ਵੀ ਹੋਇਆ। ਅਨਜਾਣ ਜੀ ਨੇ ਕਿਹਾ ਕਿ ਆਪ ਅਧਿਆਤਮ ਵਾਦੀ ਹੋ ਫਿਰ ਐਸਾ ਕਿਉਂ ? ਉਹਨਾਂ ਦੱਸਿਆ ਕਿ ਉਹਨਾਂ ਦਾ ਸੰਸਾਰ ਵਿਚ ਆਪਣਾ ਕੁੱਝ ਨਹੀਂ ਹੈ। ਪਰ ਉਹਨਾਂ ਦੇ ਮਹਾ-ਪ੍ਰਸਥਾਨ ਕਰ ਜਾਣ ਬਾਅਦ ਉਹਨਾਂ ਦੀ ਨਿੱਜੀ ਸਮਝੀ ਜਾਂਦੀ ਕੋਈ ਵਸਤੂ ਕਿਸੇ ਵਾਦ-ਵਿਵਾਦ ਦਾ ਕਾਰਨ ਨਾ ਬਣ ਜਾਵੇ। ਜਿਵੇਂ ਕਿ ਰਿਹਾਇਸ਼ੀ ਮਕਾਨ, ਕਾਰ, ਧਨ-ਮਾਇਆ ਆਦਿ। ਇਸ ਤੋਂ ਇਲਾਵਾ ਬੰਗਾਲੀ, ਹਿੰਦੀ, ਪੰਜਾਬੀ ਤੇ ਹੋਰ ਭਾਸ਼ਾਵਾਂ ਦੀਆਂ ਕਿਤਾਬਾਂ ਆਦਿ। ਅਨਜਾਣ ਜੀ ਨੇ ਵਿਚਾਰ

– ਹਰਿੰਦਰ ਪਤੰਗਾ

# ਯੋਗੀ ਚਲਾ ਗਿਆ

ਇਕ ਵਾਰੀ ਸ਼ਰਦ ਚੰਦਰ ਜੀ ਨੂੰ ਕਿਸੇ ਪਾਠਕ ਨੇ ਪੁੱਛਿਆ, "ਸ਼ਰਦ ਜੀ, ਗੁਰੂ ਦੇਵ ਰਾਬਿੰਦਰ ਨਾਥ ਟੈਗੋਰ ਦੀਆਂ ਲਿਖਤਾਂ ਆਮ ਆਦਮੀ ਨੂੰ ਸਮਝ ਨਹੀਂ ਆਉਂਦੀਆਂ। ਜਦਕਿ ਆਪ ਦੀਆਂ ਰਚਨਾਵਾਂ ਸਹਿਜੇ ਹੀ ਸਮਝ ਆ ਜਾਂਦੀਆਂ ਹਨ।"

ਸ਼ਰਦ ਚੰਦਰ ਜੀ ਨੇ ਉੱਤਰ ਦਿਤਾ "ਗੁਰੂਦੇਵ ਤਾਂ ਆਮ ਆਦਮੀਆਂ ਵਾਸਤੇ ਲਿਖਦੇ ਨਹੀਂ ਹਨ। ਉਹ ਤਾਂ ਸਾਡੇ ਵਾਸਤੇ ਲਿਖਦੇ ਹਨ ਅਤੇ ਅਸੀਂ ਤੁਹਾਡੇ ਵਾਸਤੇ ਲਿਖਦੇ ਹਾਂ।"

ਇਸੇ ਤਰ੍ਹਾਂ ਦਾ ਹੀ ਇਕ ਪ੍ਰਸ਼ਨ ਇਕ ਵਾਰ ਇਕ ਜਗਿਆਸੂ ਨੇ ਸਵਰਗੀ ਮ੍ਰਿਤਯੁੰਜਯ ਜੀ (ਜਿਨ੍ਹਾਂ ਦੀ ਸੰਗਤ ਭਾਰਤੀ ਜੀ ਕਈ ਸਾਲ ਮਾਣਦੇ ਰਹੇ) ਨੂੰ ਕੀਤਾ, ਸ੍ਰੀ ਅਰਵਿੰਦ ਜੀ (ਸ੍ਰੀ ਅਰਵਿੰਦ ਘੋਸ਼) ਦਾ ਸਾਹਿਤ ਸਮਝ ਨਹੀਂ ਆਉਂਦਾ।"

ਸਵਾਮੀ ਜੀ ਨੇ ਉੱਤਰ ਦਿਤਾ, "ਸ੍ਰੀ ਅਰਵਿੰਦ ਨੂੰ ਸਮਝਣ ਵਾਸਤੇ ਸਾਧਨਾ ਕਰਨੀ ਪੈਂਦੀ ਹੈ। ਉਂਜ ਉਨ੍ਹਾਂ ਦੇ ਸਾਹਿਤ ਦੀ ਸਮਝ ਨਹੀਂ ਆ ਸਕਦੀ।"

ਜਿਨ੍ਹਾਂ ਲੇਖਕਾਂ ਦੀ ਗੱਲ ਆਪ ਲੋਕਾਂ ਨੂੰ ਸਮਝ ਨਹੀਂ ਆਉਂਦੀ, ਉਸਦਾ ਇਕ ਹੀ ਕਾਰਨ ਹੈ ਕਿ ਉਹ ਗੁਰਬਾਣੀ ਦੇ ਕਥਨ ਅਨੁਸਾਰ –

ਕਹੁ ਨਾਨਕ ਬਿਨ ਆਪਾ ਚੀਨਹਿ।
ਮਿਟੇ ਨਾ ਭਰਮ ਦੀ ਕਾਹਿ।

ਆਪੇ ਨੂੰ ਜਾਣਕੇ ਉਸੇ ਗੱਲ ਨੂੰ ਕਾਗਜ਼ ਦੀ ਹਿੱਕ ਉਤੇ ਉਤਾਰਦੇ ਹਨ। ਜੇ ਕਰ ਪਾਠਕ ਵੀ ਉਸ ਅਵਸਥਾ ਦਾ ਮਾਲਕ ਹੋਵੇ ਤਾਂ ਗੱਲ ਸਾਫ ਤੇ ਸਪੱਸ਼ਟ ਜਾਣ ਸਕੇਗਾ।

ਭਾਰਤੀ ਯੋਗੀ ਸਨ, ਉਨ੍ਹਾਂ ਕੋਲ ਯੁਕਤ ਸੀ, ਯੁਕਤ ਸੀ ਸੱਚੇ ਨਾਲ ਜੁੜਣ ਦੀ ਸ਼ਾਸਤਰਾਂ ਦਾ ਭਰਪੂਰ ਗਿਆਨ ਸੀ।

---

ਰੱਖਿਆ ਕਿ ਸਰਬ ਸ਼ਕਤੀਮਾਨ ਇਹਨਾਂ ਕਿਤਾਬਾਂ ਨੂੰ ਯੋਗ ਥਾਵੇਂ ਲਾ ਸਕਦਾ ਹੈ। ਉਹਨਾਂ ਉੱਤਰ ਦਿਤਾ – "ਇਹ ਮੇਰਾ ਪ੍ਰਤੀਨਿੱਧੀ ਜ਼ਰੂਰ ਹੈ ਪਰ ਇਹਨਾਂ ਕਿਤਾਬਾਂ ਦੇ ਸਮਝਣ ਵਾਲੇ ਵਿਰਲੇ ਹੀ ਹਨ। ਸੋ ਜਿਹੜੇ ਯੋਗ ਹੋਣਗੇ, ਉਹਨਾਂ ਤਕ ਇਹ ਖੁਦ-ਬ-ਖੁਦ ਪਹੁੰਚ ਜਾਣਗੀਆਂ। ਮੇਰਾ ਸੇਵਕ ਮੰਗਲ ਪਿਛਲੇ ਚਾਰ ਸਾਲਾਂ ਤੋਂ ਮੇਰੀ ਸੇਵਾ ਵਿਚ ਹੈ, ਇਹ ਇਸ ਮਕਾਨ ਵਿਚ ਰਹਿਕੇ ਆਪਣੀ ਪੜ੍ਹਾਈ ਤੇ ਐਕਿਊਪ੍ਰੈਸ਼ਰ ਦੀ ਟ੍ਰੇਨਿੰਗ ਲੈ ਰਿਹਾ ਹੈ। ਇਸ ਮਕਾਨ ਵਿਚ ਇਹ ਰਹੇਗਾ ਜ਼ਰੂਰ ਪਰ ਨਿਯਤ ਕੀਤੇ ਗਏ ਵਿਅਕਤੀਆਂ ਦੀ ਸਰਪ੍ਰਸਤੀ ਹੇਠ ਇਹ ਆਪਣੀਆਂ ਸੇਵਾਵਾਂ ਦੇਵੇਗਾ। ਇਸ ਮਕਾਨ ਅਤੇ ਕਾਰ ਦੀ ਵਰਤੋਂ ਚੈਰੀਟੇਬਲ-ਉਦੇਸ਼ ਭਾਵ ਲੋਕ ਭਲਾਈ ਕਾਜ ਹਿੱਤ ਕੀਤੀ ਜਾਵੇ। ਜਿਵੇਂ ਕਿ ਐਕਿਊਪ੍ਰੈਸ਼ਰ ਸੈਂਟਰ ਆਦਿ ਸਥਾਪਤ ਕੀਤਾ ਜਾਵੇ। ਰਾਖਵਾਂ ਧਨ-ਮਾਇਆ ਇਸੇ ਸੇਵਕ ਮੰਗਲ ਦੀ ਹੋਵੇਗੀ। ਚੈਰੀਟੇਬਲ ਟਰੱਸਟ/ਸੰਸਥਾ ਜਾਂ ਸਭਾ ਸੁਸਾਇਟੀ ਦੇ ਮੁੱਖ ਸਰਪ੍ਰਸਤ ਵਜੋਂ ਸੱਤ ਵਿਅਕਤੀਆਂ ਨੂੰ ਸੇਵਾ ਸੌਂਪੀ ਗਈ। ਉਹ ਹਨ – 1. ਡਾਕਟਰ ਮਨਜੀਤ ਸਿੰਘ, ਹਰੀ ਨਗਰ 2. ਮਾਸਟਰ ਧਨੇਸ਼ਵਰ ਲਾਲ ਸ਼ਰਮਾ, ਹਰੀ ਨਗਰ 3. ਸ੍ਰ. ਮਨਮੋਹਨ ਸਿੰਘ, ਜਨਕਪੁਰੀ 4. ਸ੍ਰ. ਚਰਨਜੀਤ ਸਿੰਘ ਚੰਨ, ਜਨਤਕ ਪ੍ਰੈਸ 5. ਸੁਰਿੰਦਰ ਪਾਲ ਸਿੰਘ ਅਨੇਜਾ, 6. ਸਰਬ ਸ਼ਕਤੀਮਾਨ, 7. ਬਲਵਿੰਦਰ ਸਿੰਘ ਅਨੇਜਾ।

ਉਪਰੋਕਤ ਸਭ ਕਥਨਾਂ ਦੀ ਇਕ ਕੱਚੀ ਲਿਖਤ ਲਿਖ ਦਿਤੀ ਗਈ। ਜਿਸ 'ਤੇ ਭਾਰਤੀ ਜੀ ਨੇ ਆਪਣੇ ਦਸਖਤ ਕਰਨ ਉਪਰੰਤ ਸਭ ਪਾਸੋਂ ਹਾਜ਼ਰੀ-ਦਸਖਤ ਕਰਵਾ ਲਏ। ਉਪਰੰਤ ਕਹਿਣ ਲੱਗੇ – "ਹੁਣ ਮੈਂ ਮੁਕਤ ਹੋਇਆ ਹਾਂ।" ਨਾਲ ਹੀ ਦੁਹਰਾਇਆ ਕਿ "ਮਾਇਆ ਤੋਂ ਮੁਕਤ ਤਾਂ ਸਭ ਕਾਸੇ ਤੋਂ ਮੁਕਤ।"

ਦੁਪਹਿਰ ਹੋ ਚੁੱਕੀ ਸੀ। ਸੁਰਿੰਦਰ ਪਾਲ ਸਿੰਘ ਅਤੇ ਇਹਨਾਂ ਸਤਰਾਂ ਦੇ ਲੇਖਕ ਦੇ ਜਿੰਮੇ ਲਗਾਇਆ ਕਿ ਇਸ ਲਿਖਤ ਦੇ ਪੱਕੇ ਕਾਗਜ਼ਾਤ ਤਿਆਰ ਕਰਵਾ ਕੇ ਲੈ ਆਓ। ਉਪਰੰਤ ਇਸ ਬੈਠਕ ਦੀ ਸਮਾਪਤੀ ਹੋਈ। ਫਿਰ ਆਪਣੇ ਅਜ਼ੀਜ਼ ਮਿੱਤਰ ਹਰਿੰਦਰ ਪਤੰਗਾ ਨਾਲ ਯਾਦ ਤਰੰਗਾਂ ਰਾਹੀਂ ਸੰਪਰਕ ਕਾਇਮ ਕੀਤਾ। ਉਸਨੇ ਆਪਣੀ ਉਪਸਥਿਤੀ ਆਣ ਦਰਜ ਕਰਾਈ। ਉਸ ਪਾਸੋਂ ਸ਼ਬਦ ਗਾਇਨ ਸੁਣਦਿਆਂ ਅਤੇ ਰਾਗਾਂ ਤੇ ਵਿਚਾਰ ਚਰਚਾ ਕਰਦਿਆਂ ਸਮੇਂ ਨੂੰ ਆਪਣੀ ਚਾਲੇ ਚਲਣ ਦਿਤਾ। ਅਸੀਂ ਇਸ ਲਿਖਤ ਕਾਰਜ ਨੂੰ ਸ਼ਾਮ 5-6 ਵਜੇ ਤਕ ਮੁਸ਼ਕਲ ਨਾਲ ਹੀ ਪੂਰਾ ਕਰਵਾ ਸਕੇ। 6 ਵਜੇ ਭਾਰਤੀ ਜੀ ਨੇ ਪੱਕੇ ਪੇਪਰਾਂ 'ਤੇ ਸਹੀ ਪਾਈ। ਉਪਰੰਤ ਦਿਲ ਦੇ ਦੌਰੇ ਦੀਆਂ ਵਾਗਾਂ ਢਿੱਲੀਆਂ ਕਰ ਦਿਤੀਆਂ ਤੇ ਕੁੱਝ ਦੇਰ ਦੀ ਬੇਚੈਨੀ ਉਪਰੰਤ ਠੀਕ 8.15 ਵਜੇ ਮਹਾ-ਪ੍ਰਸਥਾਨ ਕਰ ਗਏ।

ਸਾਡੀ ਸਮਝ ਤੋਂ ਬਾਹਰ ਸੀ ਕਿ ਭਾਰਤੀ ਜੀ ਨੇ ਕਿਵੇਂ ਆਪਣੇ ਸਵਾਸਾਂ ਨੂੰ ਕਾਬੂ ਰੱਖਿਆ ਹੋਇਆ ਸੀ। ਲਗਦਾ ਸੀ ਭਾਰਤੀ ਜੀ ਨੇ ਆਪਣੇ ਸਵਾਸਾਂ ਨੂੰ ਬਿਲਕੁਲ ਉਸੇ ਤਰ੍ਹਾਂ ਕਾਬੂ 'ਚ ਕੀਤਾ ਹੋਇਆ ਸੀ ਜਿਵੇਂ ਮਹਾਭਾਰਤ ਦੇ ਮਹਾਨ ਯੋਗੀ ਭੀਸ਼ਮ ਪਿਤਾਮਾ ਨੇ ਤੀਰਾਂ ਦੀ ਸੇਜ ਉਤੇ ਲੇਟਿਆਂ ਆਪਣੇ ਸਵਾਸਾਂ ਨੂੰ ਕਾਬੂ ਕੀਤਾ ਹੋਇਆ ਸੀ – ਇਹ ਸੋਚ ਕੇ ਕਿ ਉਹ ਉਸ ਵੇਲੇ ਸਵਾਸ ਤਿਆਗਣਗੇ ਜਦੋਂ ਸੂਰਜ ਅਤੇ ਚੰਦ੍ਰਮਾ ਖਾਸ ਰਾਸ਼ੀ ਵਿਚ ਪ੍ਰਵੇਸ਼ ਕਰਨਗੇ।

ਗੁਰੂ ਪ੍ਰਤੀ ਓੜਕਾਂ ਦੀ ਭਗਤੀ ਉਹਨਾਂ ਦੀ ਰੂਹ ਦਾ ਸ਼ਿੰਗਾਰ ਸੀ। ਇਸ ਤੋਂ ਇਲਾਵਾ ਉਨ੍ਹਾਂ ਕੋਲ ਵਿਗਿਆਨਕ ਦ੍ਰਿਸ਼ਟੀ ਸੀ। ਜਿੰਨਾ ਉਹ ਧਰਮ ਨੂੰ ਮਾਣ ਦੇਂਦੇ ਸ਼ਨ, ਉਨ੍ਹਾਂ ਹੀ ਕਾਰਲ ਮਾਰਕਸ ਨੂੰ ਸਤਿਕਾਰ ਦੇਂਦੇ ਸਨ। ਭਗਵਾਨ ਰਜਨੀਸ਼ ਨੂੰ ਵੀ ਵੇਖਿਆ ਜਾਣਿਆ ਸੀ। ਮਾਨਵਤਾ ਨੂੰ ਸੁਖੀ ਵੇਖਣ ਵਾਸਤੇ ਉਹਨਾਂ ਦੀ ਸੋਚ ਸੰਸਾਰਕ ਪੱਧਰ ਦੀ ਸੀ। ਪ੍ਰਗਤੀ ਕਰਨ ਦੀ ਗੁੜਤੀ ਉਨ੍ਹਾਂ ਨੂੰ ਬਚਪਨ ਤੋਂ ਮਿਲੀ ਹੋਈ ਸੀ ਅਤੇ ਸਦਾ ਹੀ ਇਸ ਲਈ ਉਪਰਾਲੇ ਕਰਦੇ ਰਹੇ।

ਸ੍ਰੀ ਅਮਰ ਭਾਰਤੀ ਜੀ ਨੇ ਆਪਣੀ ਵਿਗਿਆਨਕ ਦ੍ਰਿਸ਼ਟੀ, ਸ਼ਾਸਤਰਾਂ ਦੇ ਗੂੜੇ ਅਤੇ ਢੇਰ ਸਾਰੇ ਗਿਆਨ, ਤੰਤਰ ਯੋਗ, ਜ਼ਿੰਦਗੀ ਦੇ ਵਿਸ਼ਾਲ ਤਜਰਬੇ ਅਤੇ ਸਾਧਨਾ ਦੀ ਬਦੌਲਤ ਗੁਰਬਾਣੀ ਦੀ ਅੰਤਰਆਤਮਾ ਤਕ ਪੁੱਜ ਕੇ ਉਸਦੇ ਅੰਤ੍ਰੀਵ ਭਾਵਾਂ ਨੂੰ ਉਜਾਗਰ ਕੀਤਾ ਹੈ। ਉਹਨਾਂ ਨੇ 'ਚੰਡੀ ਦੀ ਵਾਰ' ਸਟੀਕ ਟੀਕਾਕਾਰ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮੁੱਖ ਬੰਦ ਵਿਚ ਚੰਡੀ ਦੇ ਰੂਪ ਨੂੰ ਬੜਾ ਉਘਾੜ ਕੇ ਪੇਸ਼ ਕੀਤਾ ਅਤੇ 'ਚੰਡੀ ਦੀ ਵਾਰ' ਦਾ ਪਾਠ ਕਰਨ ਦੇ ਫਲ ਨੂੰ ਆਮ ਪਾਠਕਾਂ ਤਕ ਪੁਚਾਇਆ ਹੈ। ਉਸ ਤੁਕ ਦਾ ਸਪੱਸ਼ਟ ਰੂਪ ਪਾਠਕ ਸਾਹਮਣੇ ਪੇਸ਼ ਕੀਤਾ ਹੈ, "ਫੇਰਿ ਨਾ ਜੂਨੀ ਆਇਆ, ਜਿਨਿ ਇਹ ਗਾਇਆ।" ਇਹ ਸਭ ਕੁੱਝ ਉਨ੍ਹਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਲਿਖਿਆ ਹੈ। ਭਾਰਤੀ ਜੀ ਲਿਖਦੇ ਹਨ ਜਿਵੇਂ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਦੇਹ ਵਿਚ ਛੇ ਚੱਕਰ ਹਨ, ਤੰਤਰ ਯੋਗ ਵਿਚ ਵੀ ਇਹੋ ਹੀ ਮਾਨਤਾ ਹੈ, ਇਸ ਤੋਂ ਅਗਾਂਹ ਮਾਇਆ ਦਾ ਜਗਤ ਹੈ। ਏਥੇ ਹੀ ਸਾਧਕ ਨੂੰ ਉਸ ਸ਼ਕਤੀ ਦੇ ਦਰਸ਼ਨ ਹੁੰਦੇ ਹਨ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ' ਅਤੇ 'ਦੁਰਗਾ' ਵਾਲੀ ਵਾਰ ਵਿਚ ਸ਼ਕਤੀ ਕਿਹਾ ਹੈ। ਇਸ ਗੱਲ ਨੂੰ ਭਾਰਤੀ ਜੀ ਨੇ 'ਦੁਰਗਾ' ਅਤੇ 'ਕਾਲੀ' ਵਾਲੇ ਲੇਖਾਂ ਵਿਚ ਬੜੇ ਵਿਸਤਾਰ ਨਾਲ ਅਤੇ ਸੌਖੇ ਢੰਗ ਨਾਲ ਸਮਝਾਇਆ ਹੈ। ਉਨ੍ਹਾਂ ਦੀ ਪੁਸਤਕ 'ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ' ਬੇਸ਼ੱਕ ਬੜੇ ਵਿਸਤਾਰ ਨਾਲ ਅਤੇ ਸੌਖੀ ਭਾਸ਼ਾ ਵਿਚ ਲਿਖੀ ਹੈ ਪਰ ਆਮ ਆਦਮੀ ਦੀ ਪਕੜ ਤੋਂ ਪਰ੍ਹੇ ਹੈ। ਭਾਰਤੀ ਜੀ ਨੇ ਕਈਆਂ ਉਤੇ ਕ੍ਰਿਪਾ ਕੀਤੀ ਹੈ ਅਤੇ ਉਨ੍ਹਾਂ ਨੂੰ ਕੋਲ ਬਿਠਾਕੇ ਇਨ੍ਹਾਂ ਲੇਖਾਂ ਦੇ ਗੂੜ ਅਰਥ ਸਮਝਾਏ ਹਨ।

ਸ੍ਰੀ ਅਮਰ ਭਾਰਤੀ ਜੀ ਭਗਤੀ ਦੀ ਇਸ ਅਵਸਥਾ ਨੂੰ ਪੁੱਜੇ ਹੋਏ ਸਾਧਕ ਸਨ ਜਿਸ ਅਵਸਥਾ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਇੰਜ ਬਿਆਨਿਆ ਹੈ :

ਅੰਤਰਿ ਸੁੰਨੰ ਬਾਹਰਿ ਸੁੰਨੰ
ਤ੍ਰਿਭਵਣ ਸੁਨੰਮ ਸੁੰਨੰ।
ਚੌਥੇ ਸੁੰਨੈ ਜੋ ਨਰ ਜਾਣੇ
ਤਾ ਕਉ ਪਾਪ ਨਾ ਪੁੰਨੰ।

ਅਜਪਾ ਜਾਪ ਸਾਧਨਾ ਦੀ ਸਭ ਤੋਂ ਉਚੀ ਅਵਸਥਾ ਹੈ ਜਿਥੇ ਬੁਲ੍ਹਾਂ ਉਤੇ ਫਰਕ ਦਾ ਸਿਮਰਨ ਅੰਤਰ ਮੁਖੀ ਹੋ ਜਾਂਦਾ ਹੈ। ਸਭ ਵਿਧੀਆਂ ਪਿੱਛੇ ਰਹਿ ਜਾਂਦੀਆਂ ਹਨ ਅਤੇ ਸਾਧਕ ਅੰਦਰੋਂ ਹੋ ਰਹੇ ਸਿਮਰਨ ਨੂੰ ਸੁਨਣਾ ਸ਼ੁਰੂ ਕਰ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ,

ਅਜਪਾ ਜਾਪ ਨਾ ਵੀਸਰੇ।
ਜਾਂ
ਜਪ ਸੁ ਅਜਪਾ ਜਾਪਹੁ।

ਇਹ ਉਹ ਜਾਪ ਹੈ ਜੋ ਮਨੁੱਖ ਦੇ ਜਨਮ ਲੈਣ ਸਮੇਂ ਤੋਂ ਸਾਹਾਂ ਦੇ ਅੰਦਰ ਬਾਹਰ ਆਉਣ ਜਾਣ ਨਾਲ ਸ਼ੁਰੂ ਹੁੰਦਾ ਹੈ ਅਤੇ ਅੰਤ ਤਕ ਚਲਦਾ ਹੈ। ਇਸ ਅਵਸਥਾ ਨੂੰ ਪਹੁੰਚਿਆ ਹੋਇਆ ਸੂਫੀ ਸਾਧਕ ਹਜ਼ਰਤ ਸੁਲਤਾਨ ਬਾਹੂ ਸਾਹਿਬ ਇੰਜ ਲਿਖਦੇ ਹਨ :

ਹਰਦਮ ਨਾਮ ਅੱਲਾਹ ਦਾ ਬਾਹੂ
ਆਪੇ ਪਿਆ ਪੜ੍ਹੀਵੇ ਹੂ ।

ਭਾਰਤੀ ਜੀ ਕੋਲ ਆਪਣੇ ਸਤਿਗੁਰਾਂ ਵਾਸਤੇ ਅਥਾਹ ਸ਼ਰਧਾ ਅਤੇ ਓੜਕਾਂ ਦੀ ਭਗਤੀ ਸੀ ਅਤੇ ਸਤਿਗੁਰੂ ਉਨ੍ਹਾਂ ਨੂੰ ਅੰਤਾਂ ਦਾ ਪਿਆਰ ਕਰਦੇ ਸਨ ਅਤੇ ਸਤਿਕਾਰ ਦਿੰਦੇ ਸਨ। ਜਦੋਂ ਭਾਰਤੀ ਜੀ ਨੂੰ 10 ਪਹਿਲਾਂ ਦਿਲ ਦੀ ਤਕਲੀਫ ਹੋਈ ਤਾਂ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਹਸਪਤਾਲ ਦਰਸ਼ਨ ਦੇ ਆਏ ਅਤੇ ਆਪਣੇ ਸਨੇਹ ਦਾ ਪ੍ਰਗਟਾਵਾ ਕੀਤਾ। ਛੋਟੇ ਹਸਪਤਾਲ ਵਿਚ ਵੇਖਕੇ ਸਤਿਗੁਰਾਂ ਨੇ ਆਪਣੇ ਸੇਵਕਾਂ ਨੂੰ ਹੁਕਮ ਦਿਤਾ ਕਿ ਛੇਤੀ ਹੀ ਭਾਰਤੀ ਜੀ ਨੂੰ ਐਸਕਾਰਟ ਹਸਪਤਾਲ ਵਿਚ ਲੈ ਜਾਇਆ ਜਾਵੇ। ਹੁਣ ਜਦੋਂ 14 ਅਪ੍ਰੈਲ ਨੂੰ ਇਹ ਭਾਣਾ ਵਰਤ ਗਿਆ ਤਾਂ ਭਾਰਤੀ ਜੀ ਦੇ ਛੋਟੇ ਭਤੀਜੇ ਸ੍ਰੀ ਸਰਬ ਸ਼ਕਤੀਮਾਨ ਨਾਲ ਟੈਲੀਫੋਨ ਉਤੇ ਬਚਨ ਕੀਤੇ, "ਅਫਸੋਸ ! ਭਾਰਤੀ ਜੀ ਚਲੇ ਗਏ।" ਇਨ੍ਹਾਂ ਸ਼ਬਦਾਂ ਵਿਚ ਕਿੰਨਾ ਅਪਣੱਤ ਹੈ, ਆਪਣੇ ਸੇਵਕ ਪ੍ਰਤੀ ਕਿੰਨਾ ਸਨੇਹ ਹੈ।

ਅੰਮ੍ਰਿਤਾ ਪ੍ਰੀਤਮ ਜੀ ਨੇ ਭਾਰਤੀ ਜੀ ਬਾਰੇ ਲਿਖਿਆ ਹੈ, ਮੈਂ ਵਰ੍ਹਿਆਂ ਤੋਂ ਭਾਰਤੀ ਜੀ ਦੀ ਖੋਜ ਤੇ ਸਾਧਨਾ ਨੂੰ ਵੇਖਦੀ, ਉਨ੍ਹਾਂ ਨੂੰ ਆਪਣਾ ਡੂੰਘਾ ਆਦਰ ਪੇਸ਼ ਕਰਦੀ ਹਾਂ ਕਿ ਉਨ੍ਹਾਂ ਦੇ ਮਨ ਮਾਲੀ ਤੇ ਜਗਿਆਸਣ ਮਾਲਣ ਨੇ ਰਲਕੇ ਅੰਤਰ ਦੇ ਅਦੁੱਤੀ ਰੰਗ ਜਗਾ ਲਈ ਹਨ ਤੇ ਉਨ੍ਹਾਂ ਦੇ ਅੱਖਰ ਉਨ੍ਹਾਂ ਦੀ ਮਹਿਕ ਵੰਡਣ ਲੱਗ ਪਏ ਹਨ...।"

ਪੰਜਾਬੀ ਅਦਬ ਵਿਚ ਉਹ ਵਾਹਿਦ ਵਿਦਵਾਨ ਸਨ ਜੋ ਬੰਗਾਲੀ ਜ਼ਬਾਨ ਤੋਂ ਪੰਜਾਬੀ ਵਿਚ ਸਿੱਧਾ ਅਨੁਵਾਦ ਕਰ ਸਕਦੇ ਸਨ। ਉਨ੍ਹਾਂ ਦੇ ਜਾਣ ਨਾਲ ਪੰਜਾਬੀ ਪਾਠਕਾਂ ਨੂੰ ਬੰਗਾਲੀ ਸਾਹਿਤ ਵਰਗੇ ਅਮੀਰ ਸਾਹਿਤ ਤੋਂ ਵਿਰਵਾ ਤੇ ਹੋਣਾ ਹੀ ਪਵੇਗਾ। ਸਗੋਂ ਬੰਗਲਾ ਸਾਹਿਤ ਨੂੰ ਵੀ ਥੋੜ੍ਹ ਮਹਿਸੂਸ ਹੋਵੇਗੀ ਕਿ ਭਾਰਤੀ ਜੀ ਨਹੀਂ ਰਹੇ। ਨਾਮਧਾਰੀ ਪੰਥ ਦੇ ਅਰਸ਼ ਦੇ ਤਾਰੇ ਦੀ ਰੋਸ਼ਨੀ ਮਹਾਨ ਰੋਸ਼ਨੀ ਵਿਚ ਜਾ ਰਲੀ ਹੈ।

ਭਾਰਤੀ ਐਸੇ ਯੋਗੀ ਸਨ, ਜਿਨ੍ਹਾਂ ਨੇ ਅਲਖ ਦ ਧੂਣੇ ਨੂੰ ਇਸਦੀ ਉਮਰ ਤਕ ਧੁਖਾਈ ਰੱਖਿਆ ਜਿਸ ਦੀਆਂ ਮਹਿਕਾਂ ਧਰਤੀ ਤੋਂ ਆਕਾਸ਼ ਤਕ ਫੈਲ ਗਈਆਂ ਹਨ। ਪਰ ਉਹ ਯੋਗੀ ਹੁਣ ਚਲਾ ਗਿਆ ਹੈ।

ਅਲਵਿਦਾ ਯੋਗੀ ਤੇਰੀਆਂ ਯਾਦਾਂ ਸਦਾ ਸਾਡੇ ਦਿਲਾਂ 'ਚ ਰਹਿਣਗੀਆਂ।

- ਅਮਰ ਭਾਰਤੀ

# ਜਿਵੇਂ ਮੈਂ ਡਿੱਠਾ......

ਕੰਡ ਉਤੇ ਕਪੜੇ ਦੀ ਡੱਗੀ ਅਤੇ ਹੱਥ ਵਿਚ ਲੋਹੇ ਦਾ ਗਜ਼ ਇਹ ਸੀ ਸਾਡੇ ਪਿਤਾ ਜੀ ਦੀ ਸਾਰੀ ਪੂੰਜੀ-ਜਿਸਦੇ ਆਸਰੇ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਉਹਨਾਂ ਨੇ ਖਾਨਾ ਬਦੋਸ਼ਾਂ ਵਾਂਗ ਪੈਂਡੇ ਮਾਰਦਿਆਂ ਹੀ ਬਿਤਾ ਦਿਤਾ ਸੀ। ਇਹੋ ਹਾਲ ਮੇਰੇ ਵੱਡੇ ਭਰਾ ਸੰਤ ਮੰਗਲ ਸਿੰਘ ਲਾਇਲਪੁਰੀ ਦਾ ਸੀ। ਉਹਨਾਂ ਦੀ ਸਾਰੀ ਪੂੰਜੀ ਸਿਲਾਈ ਵਾਲੀ ਇਕ ਮਸ਼ੀਨ ਹੀ ਰਹੀ, ਜਿਸਨੂੰ ਜਦੋਂ ਜੀਅ ਕਰਦਾ, ਖਾਨਾ ਬਦੋਸ਼ਾਂ ਵਾਂਗ ਚੁੱਕ ਕੇ ਟੁਰ ਪੈਂਦੇ। ਅੰਮ੍ਰਿਤਸਰ ਜਿਲੇ ਦੇ ਲੋਪੋਕਿਆਂ ਤੋਂ ਚਲਕੇ ਲਾਇਲਪੁਰ ਜਿਲੇ ਦੇ ਲੋਪੋਕਿਆਂ ਵਿਚ ਡੇਰਾ ਤਾਂ ਲਗਾ ਲਿਆ, ਪਿੰਡ ਵਿਚ ਹੱਟੀ ਵੀ ਪਾ ਲਈ - ਪਰ ਸਾਲ ਵਿਚ ਇਕ ਦੋ ਵਾਰੀ ਚੋਰਾਂ ਦਾ ਦਾਅ ਲਗ ਜਾਂਦਾ ਤੇ ਸਾਡੇ ਪਿਤਾ ਜੀ ਫਿਰ ਡੱਗੀ ਚੁੱਕ ਕੇ 'ਲੱਠੇ ਖਾਸ਼ੇ ਮਲਮਲਾਂ ਬੋਸਕੀਆਂ...' ਦਾ ਹੋਕਾ ਦਿੰਦੇ ਪਿੰਡ ਪਿੰਡ ਘੁੰਮਣ ਲਗ ਜਾਂਦੇ। ਜੇ ਕਦੇ ਚੋਰਾਂ ਤੋਂ ਬਚਾਅ ਹੋ ਜਾਂਦਾ ਤਾਂ ਪਲੇਠੀ ਦੇ ਲਾਡਲੇ ਪੁੱਤਰ ਸੰਤ ਮੰਗਲ ਸਿੰਘ ਲਾਇਲਪੁਰੀ ਹੱਟੀ ਵਿਚੋਂ ਬਦਾਮਾਂ-ਗਿਰੀਆਂ, ਮੇਵਿਆਂ ਉਪਰ ਹੱਥ ਸਾਫ ਕਰ ਜਾਂਦੇ ਤੇ ਆਪਣੇ ਜਥੇ ਦੀਆਂ ਖੁਸ਼ੀਆਂ ਹਾਸਲ ਕਰਦੇ ਰਹਿੰਦੇ। ਲਾਇਲਪੁਰੀ ਜੀ ਤੋਂ ਛੋਟੇ ਪ੍ਰਤਾਪ ਸਿੰਘ ਦੀਆਂ ਦੋਸਤੀਆਂ ਆਪਣੇ ਢੰਗ ਦੀਆਂ ਸਨ। ਉਹ ਸਾਰਾ ਦਿਨ ਕੌਡੀ ਕੌਡੀ ਕੌਡੀ ਕਰਦੇ, ਡੰਡ ਪੇਲਦੇ ਰਹਿੰਦੇ। ਸਾਡੇ ਪਿਤਾ ਜੀ ਨੂੰ ਇਹ ਗੱਲ ਵੀ ਵਾਰਾ ਨਹੀਂ ਸੀ ਖਾਂਦੀ। ਉਹਨਾਂ ਨੇ ਲੋਪੋਕੇ ਛੱਡਣ ਦਾ ਫੈਸਲਾ ਕਰ ਲਿਆ। ਸੰਤ ਮੰਗਲ ਸਿੰਘ ਨੂੰ ਆਖ ਵੇਖ ਕੇ ਅੰਮ੍ਰਿਤਸਰ ਭੇਜ ਦਿਤਾ। ਸੇਠ ਪ੍ਰਤਾਪ ਸਿੰਘ ਜੀ (ਇਹ ਸੇਠ ਨਾਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਨੂੰ ਦਿਤਾ ਸੀ - ਆਪਣੇ ਨਾਮ ਦੇ ਪਹਿਲੇ ਅੱਖਰ ਇਕ ਦੂਜੇ ਦੇ ਇਕੋ ਹੀ ਹੋਣ ਕਰਕੇ) ਨੂੰ ਲਾਇਲਪੁਰ ਦੇ ਹੀ ਇਕ ਨਿੱਕੇ ਜਿਹੇ ਪਿੰਡ ਗੰਗਾ ਸਿੰਘ ਵਾਲੇ ਚੱਕ ਨੰਬਰ 254 ਵਿਚ ਹੱਟੀ ਪੁਆ ਦਿਤੀ ਅਤੇ ਆਪ ਕੁੱਝ ਸਮੇਂ ਬਾਅਦ ਲਾਇਲਪੁਰ ਜਿਲੇ ਦੇ ਹੀ ਇਕ ਵੱਡੇ ਕਸਬੇ ਡਿਜ਼ਕੋਟ ਵਿਚ ਡੇਰਾ ਜਾ ਲਗਾਇਆ। ਬਾਅਦ ਵਿਚ ਸੰਤ ਮੰਗਲ ਸਿੰਘ ਲਾਇਲਪੁਰੀ ਵੀ ਗੰਗਾ ਸਿੰਘ ਵਾਲੇ ਹੀ ਆ ਗਏ ਅਤੇ ਸਾਡੇ ਪਿਤਾ ਜੀ ਵੀ ਬਾਕੀ ਸਾਰੇ ਪ੍ਰਵਾਰ ਸਮੇਤ ਖਾਨਾਂ ਬਦੋਸ਼ੀ ਕਰਦੇ ਕਰਾਂਦੇ ਗੰਗਾ ਸਿੰਘ ਵਾਲੇ ਹੀ ਆ ਗਏ।

.ਸਤਿਗੁਰੂ ਰਾਮ ਸਿੰਘ ਜੀ ਵੇਲੇ ਨਾਮਧਾਰੀਆਂ ਦੀ ਗਿਣਤੀ ਪੰਜਾਹ ਕੁ ਲੱਖ ਮੰਨੀ ਜਾਂਦੀ ਸੀ ਜੋ ਬਾਅਦ ਵਿਚ ਘਟਦੀ ਘਟਦੀ ਹਜਾਰਾਂ ਦੇ ਅੰਕੜਿਆਂ ਵਿਚ ਸੁੰਗੜ ਗਈ। ਇਸਦੇ ਕਾਰਨ ਸਨ। ਪਹਿਲਾ ਤਾਂ ਇਹ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤਕ ਆਮ ਸਿੱਖ ਦੇ ਸਾਹਮਣੇ ਸਤਿਗੁਰੂ ਦਾ ਵਿਕਲਪ ਕੋਈ ਨਹੀਂ ਸੀ - ਸਿੱਖ ਦਾ ਇਕੋ ਇਕ ਅਰਥ ਹੁੰਦਾ ਸੀ 'ਸਿੱਖ'। ਗੁਰੂ ਦਾ ਅਰਥ ਦੇਹਧਾਰੀ ਗੁਰੂ ਹੀ ਹੁੰਦਾ ਸੀ - ਹੋਰ ਕੋਈ ਨਹੀਂ। ਇਸ ਲਈ ਗੁਰੂ ਨਾਨਕ ਪਰੰਪਰਾ ਵਿਚ ਥੋੜ੍ਹਾ ਬਹੁਤ ਵਿਸ਼ਵਾਸ ਰੱਖਣ ਵਾਲਾ ਸਿੱਖ ਕੇਵਲ ਸਿੱਖ ਹੀ ਹੁੰਦਾ ਸੀ-ਅਕਾਲੀ, ਨਾਮਧਾਰੀ ਜਾਂ ਹੋਰ ਕੁੱਝ ਨਹੀਂ ਸੀ ਹੁੰਦਾ। ਨਿਰਮਲ ਸੰਪਰਦਾ ਵੀ ਕੋਈ ਵੱਖਰੀ ਸੰਪਰਦਾ ਨਹੀਂ ਸੀ। ਉਹ ਸਿੱਖੀ ਦੇ ਸ਼ਾਸਤਰੀ ਪੱਖ ਦੀ ਪੂਰਕ ਵਿਦਵਾਨ ਸੰਤਾਂ ਦੀ ਸੰਪਰਦਾ ਸੀ। ਉਦਾਸੀ ਸੰਪਰਦਾ ਵੀ ਸਤਿਗੁਰੂ ਨਾਨਕ ਦੇ ਵੰਸ਼ ਤੋਂ ਸ਼ੁਰੂ ਹੋ ਕੇ ਬਾਅਦ ਦੇ ਗੁਰੂ ਵੰਸ਼ ਤਕ ਚਲਦੀ ਰਹੀ। ਇਸ ਸੰਪਰਦਾ ਦੇ ਸੰਤ ਸ਼ਾਸਤਰ ਦੇ ਨਾਲ-ਨਾਲ ਯੋਗ ਮਾਰਗ ਨੂੰ ਵੀ ਮੰਨਕੇ ਚਲਦੇ। ਨਾਮਧਾਰੀ ਤੇ ਅਕਾਲੀ ਵਿਚਾਰਧਾਰਾ ਵਿਚ ਵਿਰੋਧ ਵਾਲਾ ਬੁਨਿਆਦੀ ਮੁੱਦਾ - ਦੇਹਧਾਰੀ ਗੁਰੂ ਦਾ ਮੁੱਦਾ, ਸਿੰਘ ਸਭਾ ਲਹਿਰ ਦੀ ਭਾਈ ਗੁਰਮੁਖ ਸਿੰਘ ਸ਼ਾਖਾ ਤੋਂ ਪਹਿਲਾਂ ਕਦੇ ਕੋਈ ਮੁੱਦਾ ਰਿਹਾ ਹੀ ਨਹੀਂ ਸੀ। ਭਾਈ ਗੁਰਮੁੱਖ ਸਿੰਘ ਜੀ ਦੀ ਸਿੰਘ ਸਭਾ ਦੀ ਸਥਾਪਨਾ ਸੰਨ 1878 ਵਿਚ ਹੋਈ ਸੀ, ਜਦੋਂ ਕਿ ਇਸ ਤੋਂ ਪਹਿਲਾਂ ਬਾਬਾ ਖੇਮ ਸਿੰਘ ਜੀ ਬੇਦੀ ਵਾਲੀ ਸਿੰਘ ਸਭਾ 1872 ਵਿਚ ਹੀ ਬਣ ਚੁਕੀ ਸੀ। ਪਹਿਲਾਂ ਪਹਿਲ ਭਾਈ ਗੁਰਮੁਖ ਸਿੰਘ ਜੀ ਦੀ ਸਿੰਘ ਸਭਾ ਵਲੋਂ ਬਾਬਾ ਖੇਮ ਸਿੰਘ ਜੀ ਬੇਦੀ ਦੀ ਗੁਰਿਆਈ ਨੂੰ ਹੀ ਆਲੋਚਨਾ ਤੇ ਵਿਰੋਧੀ ਅੰਦੋਲਨ ਦਾ ਨਿਸ਼ਾਨਾ ਬਣਾਇਆ ਗਿਆ। ਬਾਬਾ ਖੇਮ ਸਿੰਘ ਜੀ ਬੇਦੀ, ਬਾਬਾ ਸਾਹਿਬ ਸਿੰਘ ਜੀ ਬੇਦੀ ਵਾਲੀ ਗੁਰਗੱਦੀ ਦੇ ਵਾਰਿਸ ਸਨ। ਬਾਬਾ ਸਾਹਿਬ ਸਿੰਘ ਬੇਦੀ ਮਹਾਰਾਜਾ ਰਣਜੀਤ ਸਿੰਘ ਜੀ ਦੇ ਗੁਰੂ ਸਨ ਤੇ ਉਹਨਾਂ ਨੇ ਹੀ ਮਹਾਰਾਜਾ ਨੂੰ ਰਾਜ ਤਿਲਕ ਦਿਤਾ ਸੀ। ਬਾਬਾ ਸਾਹਿਬ ਸਿੰਘ ਜੀ ਦੀ ਗੱਦੀ ਬਾਬਾ ਬੀਰ ਸਿੰਘ ਜੀ ਨੂੰ ਮਿਲੀ ਸੀ ਜੋ ਕਿ ਖਾਲਸਾ ਰਾਜ ਦੇ ਵਾਰਸਾਂ ਦੇ ਆਪਸੀ ਟਕਰਾਅ ਵਿਚ ਖਾਲਸੇ ਦੇ ਹੱਥੋਂ ਹੀ ਮਾਰੇ ਗਏ ਸਨ। ਬਾਬਾ ਬੀਰ ਸਿੰਘ ਜੀ ਤੋਂ ਬਾਅਦ ਉਹ ਗੁਰਗੱਦੀ ਬਾਬਾ ਖੇਮ ਸਿੰਘ ਜੀ ਬੇਦੀ ਨੂੰ ਮਿਲੀ।

ਪਹਿਲਾਂ ਭਾਈ ਗੁਰਮੁਖ ਸਿੰਘ ਜੀ ਦੀ ਸਿੰਘ ਸਭਾ ਵਲੋਂ ਦੇਹਧਾਰੀ ਗੁਰੂ ਦੇ ਸਿਧਾਂਤ ਦਾ ਵਿਰੋਧ ਸ਼ੁਰੂ ਹੋਇਆ ਤੇ ਫਿਰ ਇਹ ਚਲਦਾ ਚਲਦਾ ਚੀਫ ਖਾਲਸਾ ਦੀਵਾਨ ਅਤੇ ਅਕਾਲੀ ਦਲ ਵਲੋਂ ਵੀ ਅਪਣਾ ਲਿਆ ਗਿਆ।

ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਨਾਮਧਾਰੀ ਜਾਂ ਕੂਕਿਆਂ ਦੀ ਪਛਾਣ ਮੋਟੇ ਤੌਰ ਤੇ ਇਹਨਾਂ ਦੇ ਸਿਆਸੀ ਆਚਰਣ ਤੋਂ ਸ਼ੁਰੂ ਹੋਈ ਤੇ ਖਾਲਸਾ ਰਾਜ ਦੀ ਮੁੜ ਬਹਾਲੀ ਚਾਹੁਣ ਤੇ ਉਸ ਲਈ ਸੰਘਰਸ਼ ਕਰਨ ਵਾਲਾ ਹਰ ਸਿੱਖ ਆਮ ਤੌਰ ਤੇ

ਨਾਮਧਾਰੀ ਮੰਨਿਆਂ ਜਾਂਦਾ ਤੇ ਸਤਿਗੁਰੂ ਰਾਮ ਸਿੰਘ ਜੀ ਸਭ ਸਿੱਖਾਂ ਦੇ ਗੁਰੂ। ਲਿਬਾਸ ਤੇ ਇਹਨਾਂ ਤੋਂ ਪਹਿਲਾਂ ਵੀ ਗੁਰੂਆਂ ਤੇ ਸਾਧਾਂ ਸੰਤਾਂ ਦਾ ਦਸਤਾਰ ਸਮੇਤ ਨਾਮਧਾਰੀਆਂ ਨਾਲ ਮਿਲਦਾ ਜੁਲਦਾ ਹੀ ਸੀ। ਨਾਮਧਾਰੀਆਂ ਦੇ ਅਖਬਾਰ 'ਸਤਿਜੁਗ' ਤੇ ਕੈਲੰਡਰਾਂ ਵਿਚ ਅੱਜ ਤਕ ਗੁਰੂ ਨਾਨਕ ਪਰੰਪਰਾ ਦੇ ਸਤਿਗੁਰਾਂ ਦੀਆਂ ਜਿੰਨੀਆਂ ਵੀ ਤਸਵੀਰਾਂ ਬਣਵਾ ਕੇ ਛਪਵਾਈਆਂ ਗਈਆਂ ਹਨ, ਉਹ ਨਾਮਧਾਰੀ ਸਰੂਪ ਵਾਲੀਆਂ ਹੀ ਹਨ।

ਨਾਮਧਾਰੀਆਂ ਦੀ ਵੱਖਰੀ ਪਛਾਣ ਤੇ ਵੱਖਰੀ ਰਹਿਤ-ਬਹਿਤ ਦੀ ਵਡੇਰੀ ਕੋਸ਼ਿਸ਼ ਸਤਿਗੁਰੂ ਹਰੀ ਸਿੰਘ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਹੋਈ। ਉਂਜ ਆਪਣੇ ਭਰਾਵਾਂ ਮਹਾਰਾਜ ਗੁਰਦਿਆਲ ਸਿੰਘ ਜੀ ਤੇ ਮਹਾਰਾਜ ਨਿਹਾਲ ਸਿੰਘ ਜੀ ਵਾਂਗ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਪਹਿਲਾਂ ਨੋਕ ਵਾਲੀ ਦਸਤਾਰ ਹੀ ਸਜਾਇਆ ਕਰਦੇ ਸਨ। ਗੁਰਗੱਦੀ ਉਪਰ ਬੈਠਣ ਤੋਂ ਬਾਅਦ ਹੀ ਆਪ ਨੇ ਸਿੱਧੀ ਦਸਤਾਰ ਸਜਾਉਣੀ ਸ਼ੁਰੂ ਕੀਤੀ ਸੀ।

ਸਿੰਘ ਸਭਾਈਆਂ ਅਤੇ ਅਕਾਲੀਆਂ ਦੇ ਵਿਰੋਧ ਦੀ ਪ੍ਰਤੀਕ੍ਰਿਆ ਵਜੋਂ ਨਾਮਧਾਰੀਆਂ ਦੀ ਵੱਖਰੀ ਤੇ ਕਰੜੀਆਂ ਹੱਦਬੰਦੀਆਂ ਉਪਰ ਅਧਾਰਿਤ ਬ੍ਰਾਹਮਣੀ ਵਰਨ ਵਿਵਸਥਾ ਵਾਲੀ ਪਛਾਣ ਦਾ ਇਕ ਸਿਲਸਿਲਾ ਸ਼ੁਰੂ ਹੋ ਗਿਆ। ਉਸਦਾ ਅਸਰ ਨਾਮਧਾਰੀਆਂ ਦੀ ਗਿਣਤੀ ਉਪਰ ਸਭ ਤੋਂ ਜ਼ਿਆਦਾ ਪਿਆ। ਅਜੇ ਹੀ ਹਾਲਤ ਵਿਚ ਜਦੋਂ ਕੋਈ ਆਪਣੀ ਪਛਾਣ ਜਾਂ ਪੰਥ ਬਦਲਦਾ ਉਦੋਂ ਉਸਨੂੰ ਉਚੇਚ ਨਾਲ ਮਹਿਸੂਸ ਕੀਤਾ ਜਾਂਦਾ।

ਗੰਗਾ ਸਿੰਘ ਵਾਲੇ ਦੇ ਤਿੰਨ ਚਾਰ ਗੈਰ-ਨਾਮਧਾਰੀ ਘਰਾਂ ਵਿਚੋਂ ਪਹਿਲਾਂ ਬੂਟਾ ਸਿੰਘ ਦਾ ਛੋਟਾ ਭਰਾ ਨਾਮਧਾਰੀ ਸਜ ਗਿਆ ਤੇ ਫਿਰ ਬੂਟਾ ਸਿੰਘ। ਛੋਟੇ ਭਰਾ ਦੇ ਘਰ ਪੁੱਤਰ ਨੇ ਜਨਮ ਲਿਆ ਸੀ, ਇਸ ਖੁਸ਼ੀ ਵਿਚ ਉਹਨਾਂ ਨੇ ਨਾਮਧਾਰੀਆਂ ਵਾਲਾ ਅਖੰਡ ਪਾਠ ਕਰਵਾਇਆ। ਇਸ ਪੰਥ ਬਦਲੀ ਦੀ ਖਬਰ ਪੂਰੇ ਇਲਾਕੇ ਵਿਚ ਪਹੁੰਚ ਗਈ। ਡਿਗ਼ਕੋਟ ਤਕੜਾ ਕਸਬਾ ਸੀ ਤੇ ਅਕਾਲੀਆਂ ਦਾ ਗੜ੍ਹ ਸੀ। ਇਲਾਕੇ ਦੇ ਅਕਾਲੀ ਵਰਕਰਾਂ ਨੇ ਇਸ

*ਧਰਮ ਦੇ ਅਨੇਕਾਂ ਰੂਪ ਨੇ ਅਤੇ ਅਨੇਕਾਂ ਹੀ ਉਸ ਦੀਆਂ ਪਰਤਾਂ। ਕਿਸੇ ਵੀ ਧਰਮ ਦਾ ਪਹਿਲਾ ਸਰੂਪ ਧਾਰਮਕ ਨਹੀਂ ਸਗੋਂ ਅਧਿਆਤਮਕ ਹੁੰਦਾ ਹੈ। ਜਦੋਂ ਅਧਿਆਤਮਕ ਵਿਚਾਰ ਧਰਮ ਦਾ ਚੋਲਾ ਪਹਿਨਦਾ ਹੈ ਉਦੋਂ ਉਸਦੀ ਪਹਿਲੀ ਵਿਚਾਰਧਾਰਕ ਟੱਕਰ ਦੂਸਰੇ ਧਰਮਾਂ ਨਾਲ ਹੁੰਦੀ ਹੈ। ਉਸ ਟੱਕਰ ਵਿਚ ਜੇ ਧਰਮ ਟਿਕਿਆ ਰਹਿ ਜਾਵੇ ਤਾਂ ਉਸਦਾ ਅਗਲਾ ਰੂਪ ਧਾਰਮਕ ਸੰਗਠਨ ਦਾ ਹੁੰਦਾ ਹੈ। ਉਦੋਂ ਉਹ ਆਪਣੇ ਵਿਚਾਰਾਂ ਵਾਲੇ ਲੋਕਾਂ ਦੀ ਆਜ਼ਾਦੀ ਲਈ ਜਾਂ ਉਨ੍ਹਾਂ ਦੀ ਬਿਰਤਰੀ ਅਥਵਾ ਸ਼੍ਰੇਸ਼ਠਤਾ ਸਥਾਪਤ ਕਰਨ ਲਈ ਦੂਜੇ ਧਰਮਾਂ ਵਿਰੁੱਧ ਜੰਗ ਸ਼ੁਰੂ ਕਰਦਾ ਹੈ। ਉਸ ਵਿਚ ਮੁਲਕ ਜਿੱਤੇ ਵੀ ਜਾਂਦੇ ਨੇ ਤੇ ਦੂਜੇ ਧਰਮਾਂ ਵਲੋਂ ਜਿੱਤੇ ਹੋਏ ਮੁਲਕ ਆਜ਼ਾਦ ਵੀ ਕਰਵਾਏ ਜਾਂਦੇ ਨੇ। ਅੰਤ ਤੇ ਹਰ ਧਾਰਮਕ ਸੰਗਠਨ ਦੂਹਰੀ ਲੜਾਈ ਲੜਦਾ ਹੈ - ਦੂਜੇ ਧਰਮਾਂ ਦੇ ਖਿਲਾਫ ਅਤੇ ਆਪਣੇ ਪ੍ਰਾਰੰਭਕ ਕਲਿਆਣਕਾਰੀ ਰੂਪ ਦੇ ਖਿਲਾਫ ਵੀ। ਇਹ ਜੰਗ ਲੰਮੀ ਵੀ ਹੋ ਸਕਦੀ ਹੈ ਤੇ ਥੋੜ੍ਹ ਚਿਰੀ ਵੀ।*

ਗੁਰਦੁਆਰਿਆਂ ਉਪਰ ਅਕਾਲੀਆਂ ਦੇ ਕਬਜ਼ਿਆਂ ਦੀ ਲਹਿਰ ਨੂੰ ਅਜੇ ਬਹੁਤ ਚਿਰ ਨਹੀਂ ਸੀ ਹੋਇਆ, ਸੋ ਉਹਨਾਂ ਨੇ ਛੋਟੇ ਪੈਮਾਨੇ ਤੇ ਉਸੇ ਲਾਈਨ ਉਪਰ ਸੋਚਦਿਆਂ ਗੰਗਾ ਸਿੰਘ ਵਾਲੇ ਦੇ ਨਾਮਧਾਰੀ ਗੁਰਦੁਆਰੇ ਉਪਰ ਕਬਜ਼ਾ ਕਰਨ ਦਾ ਐਲਾਨ ਕਰ ਦਿਤਾ। ਨਾਮਧਾਰੀ ਗੁਰਦੁਆਰਾ ਕੋਈ ਇਤਿਹਾਸਕ ਗੁਰਦੁਆਰਾ ਤਾਂ ਹੈ ਨਹੀਂ ਸੀ, ਇਕ ਕੱਚਾ ਕੋਠਾ ਸੀ ਜਿਸ ਵਿਚ ਸਮੇਂ ਸਮੇਂ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਵੱਡਾ ਸਾਰਾ ਵਿਹੜਾ ਸੀ। ਵਿਹੜੇ ਦੀ ਨੁਕਰ ਵਿਚ ਬੀਕਾਨੇਰਨੀ ਮਾਈ ਦੀ ਨਿੱਕੀ ਜਿਹੀ ਭੋਰਾਨੁਮਾ ਕੁਟੀਆ ਸੀ, ਜਿਸ ਦੇ ਅੰਦਰ ਜਾਣ ਲਈ ਇਕ ਨਿੱਕਾ ਜਿਹਾ ਦਰਵਾਜਾ ਸੀ। ਮਾਈ ਬਹੁਤਾ ਸਮਾਂ ਕੁਟੀਆ ਦੇ ਅੰਦਰ ਹੀ ਰਹਿੰਦੀ ਅਤੇ ਭਜਨ ਕਰਦੀ। ਗੁਰਦੁਆਰੇ ਚੜ੍ਹਣ ਵਾਲੇ ਚੜ੍ਹਾਵੇ ਦੇ ਦਾਣੇ ਫੱਕੇ ਨੂੰ ਵੀ ਕੁਟੀਆ ਵਿਚ ਹੀ ਸਾਂਭਦੀ ਰਹਿੰਦੀ। ਜਦੋਂ ਦਾਣੇ ਕਾਫੀ ਸਾਰੇ ਇੱਕਠੇ ਹੋ ਜਾਂਦੇ ਤਾਂ ਵੇਚ ਦਿੰਦੀ ਤੇ ਸਤਿਗੁਰਾਂ ਦੇ ਆਉਣ ਤੇ ਉਹ ਪੈਸ਼ੇ ਮੱਥਾ ਟੇਕ ਦਿੰਦੀ। ਵਿਹੜੇ ਵਿਚ ਇਕ ਵੱਡਾ ਸਾਰਾ ਬੋਹੜ ਸੀ ਤੇ ਬੋਹੜ ਦੇ ਦੁਆਲੇ ਥੜਾ। ਗੰਗਾ ਸਿੰਘ ਆਉਣ ਵਾਲੇ ਸੰਤਾਂ ਮਹਾਤਮਾਵਾਂ ਵਿਚੋਂ ਸੰਤ ਮੋਹਨ ਸਿੰਘ ਜੀ, ਸੰਤ ਰਲਾ ਸਿੰਘ ਜੀ ਤੇ ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ ਜਦੋਂ ਵੀ ਗੰਗਾ ਸਿੰਘ ਵਾਲੇ ਆਉਂਦੇ ਤਾਂ ਉਹਨਾਂ ਦਾ ਡੇਰਾ ਏਸੇ ਬੋਹੜ ਹੇਠ ਹੀ ਲਗਦਾ। ਹੋਰ ਸੰਤਾਂ ਵਿਚੋਂ ਅਕਸਰ ਸੰਤ ਕ੍ਰਿਪਾਲ ਸਿੰਘ ਮੁਹਾਵੇ ਵਾਲੇ (ਸੰਤ ਕੇਸਰ ਕਿੱਲੀ ਜੀ ਮੁਹਾਵੇ ਵਾਲਿਆਂ ਦੇ ਪੋਤਰੇ) ਵੀ ਆਉਂਦੇ ਪਰ ਉਹਨਾਂ ਦਾ ਡੇਰਾ ਬਾਹਰ ਟਹਿਲ ਸਿੰਘ ਹੁਰਾਂ ਦੇ ਖੇਤਾਂ ਵਿਚਲੀ ਕੁਟੀਆ ਵਿਚ ਲਗਦਾ ਤੇ ਉਹ ਚਾਲੀ ਚਾਲੀ ਦਿਨ ਲਈ ਕੁਟੀਆ ਵਿਚ ਚਲੀਹੇ ਵੀ ਕੱਟਦੇ। ਸੰਤ ਕਾਲਾ ਸਿੰਘ ਆਮ ਆਉਂਦੇ ਰਹਿੰਦੇ ਅਤੇ ਉਹ ਦੀਵਾਨ ਲਗਾਉਂਦੇ। ਸੰਤ ਫੌਜਾ ਸਿੰਘ ਬੰਡਾਲਾ ਵੀ ਆਉਂਦੇ ਹੀ ਰਹਿੰਦੇ ਤੇ ਉਹਨਾਂ ਦਾ ਦੀਵਾਨ ਵੀ ਗੁਰਦੁਆਰੇ ਵਿਚ ਹੀ ਲਗਦਾ। ਉਹਨਾਂ ਦੇ ਆਉਣ ਅਤੇ ਦੀਵਾਨ ਦੀ ਖਬਰ ਲਗਣ ਤੇ ਲਾਗੇ ਚਾਗੇ ਦੇ ਨਾਮਧਾਰੀ ਵੀ ਦੀਵਾਨ ਸੁਨਣ ਆਉਂਦੇ। ਇਕ ਸੰਤ ਮੋਤੀਆਂ ਵਾਲੇ ਵੀ ਆਉਂਦੇ। ਉਹਨਾਂ ਦੀ ਸੰਭਾਲ ਮੈਨੂੰ ਬਹੁਤ ਥੋੜ੍ਹੀ ਹੀ ਹੈ, ਉਹਨਾਂ ਨੇ ਮੈਨੂੰ ਕੰਨ ਵਿਚ ਭਜਨ ਦਿਤਾ ਸੀ - ਲੋਪੋਕੇ, ਡਿਗ਼ਕੋਟ ਜਾਂ ਗੰਗਾ ਸਿੰਘ ਵਾਲੇ ਠੀਕ ਯਾਦ ਨਹੀਂ। ਉਦੋਂ ਮੈਂ ਬਹੁਤ ਹੀ ਛੋਟਾ ਸਾਂ। ਉਹ ਅਕਸਰ ਇਕ ਪਿੱਤਲ ਦਾ ਗਿਲਾਸ ਹੱਥ ਦੀ ਤਲੀ 'ਤੇ ਰੱਖ ਲੈਂਦੇ ਤੇ ਹੱਥੋਂ ਕੜਾ ਲਾਹ ਕੇ ਉਸ ਨਾਲ ਗਿਲਾਸ ਨੂੰ ਇਕ ਰਿਦਮ ਵਿਚ ਵਜਾਉਂਦੇ, ਸ਼ਬਦ ਗਾਉਂਦੇ

ਤੇ ਨੱਚਦੇ ਰਹਿੰਦੇ। ਅਸਲੋਂ ਹੀ ਮਲੰਗ ਸੰਤ ਸਨ ਮੋਤੀਆਂ ਵਾਲੇ। ਸ਼ਾਇਦ ਉਹਨਾਂ ਦਾ ਅਸਰ ਹੀ ਸੀ ਕਿ ਮੇਰੇ ਵੱਡੇ ਭਰਾਤਾ ਸੇਠ ਪ੍ਰਤਾਪ ਸਿੰਘ ਜੀ ਵੀ ਜਦੋਂ ਕਦੇ ਰੌਂ ਆ ਜਾਂਦਾ, ਏਸੇ ਤਰ੍ਹਾਂ ਗਿਲਾਸ ਤਲੀ 'ਤੇ ਰੱਖਕੇ ਕੜੇ ਨਾਲ ਵਜਾਉਂਦੇ ਸ਼ਬਦ ਗਾਉਂਦੇ ਤੇ ਨਿਰਤ ਕਰਦੇ ਪਿੰਡ ਪਿੰਡ ਫਿਰ ਜਾਂਦੇ ਹੁੰਦੇ ਸਨ। ਸੂਤਰ ਤੇ ਉਹਨਾਂ ਨੂੰ ਪੈ ਹੀ ਜਾਂਦਾ ਸੀ। ਇਕ ਵਾਰੀ ਸੰਤ ਫੌਜਾ ਸਿੰਘ ਬੰਡਾਲੇ ਵਾਲਿਆਂ ਦਾ ਦੀਵਾਨ ਸੀ - ਉਹਨਾਂ ਧਾਰਨਾ ਲਗਾਈ - "ਇਸ਼ਕ ਜਿਨ੍ਹਾਂ ਦੇ ਵੱਲ ਵੇ ਲੱਖ ਲੱਖ ਬਦਨਾਮੀਆਂ" ਸੇਠ ਜੀ ਨੂੰ ਸੂਤਰ ਪੈ ਗਿਆ, ਹੋਸ਼ ਹਵਾਸ਼ ਜਾਂਦਾ ਰਿਹਾ, ਕਪੜੇ ਤਨ ਦੇ ਸਾਰੇ ਪਾੜਕੇ ਸੁੱਟ ਦਿਤੇ ਤੇ ਢੋਲਕੀ ਦੇ ਤਾਲ ਨਾਲ ਤਾਲ ਦੇਂਦਿਆਂ ਧਰਤੀ ਪੁੱਟ ਮਾਰੀ। ਸੰਤ ਮੰਗਲ ਸਿੰਘ ਜੀ ਨਾਮਧਾਰੀ ਗੁਰਦੁਆਰੇ ਦਾ ਉਪਯੋਗ ਹੋਰ ਕੰਮਾਂ ਲਈ ਵੀ ਕਰਦੇ ਸਨ।

ਉਂਜ ਤੇ ਸਾਡੇ ਪਿਤਾ ਜੀ ਸਿਆਲੀ ਰਾਤਾਂ ਵਿਚ ਅਕਸਰ ਸੂਰਜ ਪ੍ਰਕਾਸ਼ ਦੀ ਕਥਾ ਕਰਦੇ ਹੁੰਦੇ ਸਨ - ਪਰ ਵਿਚ ਵਿਚ ਲਾਇਲਪੁਰੀ ਜੀ ਪ੍ਰੀਤ ਨਗਰ ਦੀਆਂ ਛਪੀਆਂ ਪੁਸਤਕਾਂ ਵਿਚੋਂ ਕਹਾਣੀਆਂ ਦਾ ਪਾਠ ਵੀ ਕਰਦੇ, ਪ੍ਰੀਤ ਲੜੀ ਦੀਆਂ ਕਹਾਣੀਆਂ ਵੀ ਉਚੀ ਪੜ੍ਹਕੇ ਸੁਣਾਉਂਦੇ। ਇਹ ਇਕ ਬਿਲਕੁਲ ਪਰਸਪਰ ਵਿਰੋਧੀ ਸਿਲਸਿਲਾ ਸੀ, ਪਰ ਚਲ ਰਿਹਾ ਸੀ।

## ਪੰਜਾਬੀ ਸੂਬੇ ਦਾ ਮਸਲਾ :-

ਪੰਜਾਬੀ ਸੂਬੇ ਦੇ ਸਿਆਸੀ ਮਸਲੇ ਬਾਰੇ ਅੱਜ ਮੈਨੂੰ ਇਕ ਹੋਰ ਪ੍ਰਸੰਗ ਯਾਦ ਆ ਰਿਹਾ ਹੈ, ਜਿਸਦਾ ਸਬੰਧ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਹੈ।

ਅਕਾਲੀ ਤੇ ਕਮਿਊਨਿਸਟ ਪਾਰਟੀ ਨੇ ਪੰਜਾਬੀ ਸੂਬੇ ਦੀ ਕਾਇਮੀ ਲਈ ਨਿਰਣਾਯਕ ਅੰਦੋਲਨ ਸ਼ੁਰੂ ਕਰ ਦਿਤਾ ਸੀ। ਅਕਾਲੀ ਦਲ ਵਲੋਂ ਸਤਿਆਗ੍ਰਹਿ ਤੇ ਗਿਰਫਤਾਰੀਆਂ ਦੇਣ ਦਾ ਕੰਮ ਸ਼ੁਰੂ ਹੋਇਆ ਅਤੇ ਕਮਿਊਨਿਸਟ ਪਾਰਟੀ ਵਲੋਂ ਉਸ ਫਿਰਕੂ ਅੰਦੋਲਨ ਨੂੰ ਸਿਧਾਂਤਕ ਤੇ ਅਗਾਂਹਵਧੂ ਦੱਸਕੇ ਉਸਦੀ ਸਹਾਇਤਾ ਦਾ। ਕਮਿਊਨਿਸਟ ਪਾਰਟੀ ਇਸ ਤੋਂ ਪਹਿਲਾਂ ਮੁਸਲਿਮ ਲੀਗ ਵਲੋਂ ਉਠਾਈ ਗਈ ਵੱਖਰੇ ਪਾਕਿਸਤਾਨ ਦੀ ਮੰਗ ਦੀ ਹਮਾਇਤ ਵੀ ਇਹਨਾਂ ਹੀ ਦਲੀਲਾਂ ਨਾਲ ਕਰਦੀ ਰਹੀ ਸੀ ਤੇ ਹੁਣ ਪੰਜਾਬੀ ਭਾਸ਼ੀ ਸੂਬੇ ਦੇ ਨਾਮ ਉਪਰ ਇਕ ਸਿੱਖ ਬਹੁਗਿਣਤੀ ਵਾਲੇ ਸੂਬੇ ਦੀ ਹਮਾਇਤ ਵਿਚ ਜੁਟ ਰਹੀ ਸੀ।

ਰੋਜ਼ਾਨਾ 'ਨਵਾਂ ਹਿੰਦੁਸਤਾਨ' ਉਦੋਂ ਤਕ ਸੰਤ ਮੰਗਲ ਸਿੰਘ ਲਾਇਲਪੁਰੀ ਜੀ ਦੇ ਹੱਥੋਂ ਨਿਕਲ ਕੇ ਮਹਾਰਾਜ ਬੀਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਦੋ ਸਾਲ ਤਕ ਕਈ ਸਾਰੇ ਗੈਰ ਨਾਮਧਾਰੀ ਐਡੀਟਰਾਂ ਦੀ ਕਲਮ-ਛੋਹ ਹਾਸਲ ਕਰਨ ਤੋਂ ਬਾਅਦ ਅੰਤ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਛਤਰ ਛਾਇਆ ਹੇਠ ਆ ਚੁੱਕਾ ਸੀ ਅਤੇ ਇਸ ਦੌਰ ਵਿਚ ਸੰਪਾਦਕੀ ਜਿੰਮੇਵਾਰੀ ਮੈਨੂੰ ਦਿਤੀ ਗਈ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਉਹਨਾਂ ਦਿਨਾਂ ਵਿਚ ਦੱਖਣ ਦੇ ਲੰਮੇ ਦੌਰੇ ਤੇ ਗਏ ਹੋਏ ਸਨ। ਮੈਂ ਸੋਚੀਂ ਪਿਆ ਸਾਂ ਕਿ ਪੰਜਾਬੀ ਸੂਬੇ ਦੇ ਮੋਰਚੇ ਬਾਰੇ ਅਸੀਂ ਕੁ ਰੁੱਖ ਅਪਣਾਈਏ। ਏਨੇ ਨੂੰ ਮਹਾਰਾਜ ਬੀਰ ਸਿੰਘ ਜੀ ਦਿੱਲੀ ਆ ਗਏ। ਮੈਂ ਆਪ ਜੀ ਨੂੰ ਪੰਜਾਬੀ ਸੂਬਾ ਅੰਦੋਲਨ ਬਾਰੇ ਨਾਮਾਰੀਆਂ ਦੇ ਅਤੇ 'ਨਵਾਂ ਹਿੰਦੁਸਤਾਨ' ਦੇ ਰੁਖ ਬਾਰੇ ਪੁੱਛਿਆ। ਆਪ ਨੇ ਕਿਹਾ 'ਮੈਂ ਅਕਾਲੀ ਪਤ੍ਰਕਾ ਦੇ ਐਡੀਟਰ ਗਿਆਨੀ ਸ਼ਾਦੀ ਸਿੰਘ ਨਾਲ ਗੱਲ ਕੀਤੀ ਸੀ, ਉਨ੍ਹਾਂ ਨੇ ਸਾਨੂੰ ਨਿਰਪੱਖ ਰਹਿਣ ਦੀ ਸਲਾਹ ਦਿਤੀ ਏ।'

ਮੈਂ ਇਹੋ ਜਿਹੇ ਉਤੱਰ ਲਈ ਮਾਨਸਿਕ ਤੌਰ ਤੇ ਬਿਲਕੁਲ ਹੀ ਤਿਆਰ ਨਹੀਂ ਸਾਂ। ਪਹਿਲੀ ਗੱਲ ਤਾਂ ਇਹ ਕਿ ਪੰਜਾਬ ਦੇ ਵੰਡ-ਵੰਡਾਰੇ ਬਾਰੇ ਨਾਮਧਾਰੀ ਕੀ ਕਰਨ ? ਇਸਦਾ ਫੈਸਲਾ ਕਿਸੇ ਅਕਾਲੀ ਅਖਬਾਰ ਦੇ ਐਡੀਟਰ ਦੀ ਸਲਾਹ ਦਾ ਮੁਹਤਾਜ ਕਿਉਂ ਹੋਵੇ। ਦੂਜੀ ਗੱਲ ਕਿ ਐਡੀਟਰ ਤਾਂ ਨਾਮਧਾਰੀ ਅਖਬਾਰਾਂ ਦੇ ਵੀ ਹੈ ਸਨ, ਉਨ੍ਹਾਂ ਨਾਲ ਗੱਲ ਕਰਨੀ ਵੀ ਮੁਨਾਸਬ ਕਿਉਂ ਨਹੀਂ ਸਮਝੀ ਗਈ। ਤੀਜੀ ਗਲ ਮੇਰੇ ਸਾਹਮਣੇ ਇਹ ਸੀ ਕਿ ਹਿੰਦੁਸਤਾਨ ਦੀ ਵੰਡ ਤੋਂ ਬਾਅਦ ਪੰਜਾਬ ਦੀ ਕਿਸਮਤ ਦਾ ਫੈਸਲਾ ਫਿਰ ਇਕ ਵਾਰੀ ਹੋਣ ਵਾਲਾ ਹੈ। ਕੀ ਨਾਮਧਾਰੀ ਏਡੀ ਵੱਡੀ ਹੋਣੀ ਵੇਲੇ ਵੀ ਨਿਰਪੱਖ ਦਰਸ਼ਕ ਮਾਤਰ ਹੀ ਰਹਿਣਗੇ ? ਮਹਾਰਾਜ ਜੀ ਦੇ ਸੁਝਾਅ ਨੂੰ ਜਿੰਨਾ ਕੁ ਮੈਂ ਸਮਝਦਾ ਸਾਂ, ਉਸਦੇ ਰੂਬਰੂ ਮੈਂ ਆਪ ਜੀ ਨਾਲ ਹੋਰ ਗੱਲ ਕਰਨੀ ਮੁਨਾਸਬ ਨਾ ਸਮਝੀ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਪਰਕ ਵਿਚ ਪਿਛਲੇ ਕਈ ਸਾਲਾਂ ਤੋਂ ਰਹਿਣ ਕਰਕੇ ਮੈਨੂੰ ਉਹਨਾਂ ਦੇ ਮਨ ਦਾ ਇਕ ਅੰਦਾਜ਼ਾ ਜ਼ਰੂਰ ਹੈ ਸੀ।

ਹੈ ਤਾਂ ਮੇਰੀ ਹੈਸੀਅਤ ਅਤੇ ਅਖਤਿਆਰਾਂ ਤੋਂ ਬਾਹਰ ਦੀ ਗੱਲ ਸੀ- ਪਰ ਮੈਂ ਆਪਣੇ ਤੌਰ ਤੇ ਫੈਸਲਾ ਲੈ ਲਿਆ ਕਿ 'ਨਵਾਂ ਹਿੰਦੁਸਤਾਨ' ਉਸ ਤਰ੍ਹਾਂ ਦੇ ਪੰਜਾਬੀ ਸੂਬੇ ਦਾ ਵਿਰੋਧ ਕਰੇਗਾ ਜਿਸ ਤਰ੍ਹਾਂ ਦਾ ਅਕਾਲੀ ਤੇ ਕਮਿਊਨਿਸਟ ਪਾਰਟੀਆਂ ਬਣਾਉਣਾ ਚਾਹੁੰਦੀਆਂ ਹਨ। ਮੈਂ ਰੋਜ਼ ਘੱਟੋ ਘੱਟ ਇਕ ਲੇਖ ਲਿਖਣਾ ਸ਼ੁਰੂ ਕਰ ਦਿਤਾ।

ਅਕਾਲੀ ਤੇ ਕਮਿਊਨਿਸਟ ਇਸ ਗੱਲ ਤੋਂ ਤ੍ਰਭਕੇ। ਉਨ੍ਹਾਂ ਜਾਤਾ ਕਿ ਇਹ ਵਿਰੋਧ 'ਨਵਾਂ ਹਿੰਦੁਸਤਾਨ' ਦੇ ਐਡੀਟਰ ਵਲੋਂ ਹੀ ਹੈ-ਨਾਮਧਾਰੀ ਪੰਥ ਵਲੋਂ ਨਹੀਂ। ਸੋਚ ਉਹਨਾਂ ਦੀ ਠੀਕ ਵੀ ਸੀ - ਮੈਂ ਪੰਥ ਵਲੋਂ ਕੁੱਝ ਨਾ ਕਹਿ ਕੇ ਆਪਣੇ ਵਲੋਂ ਲਿਖਦਾ ਰਿਹਾ। ਮੇਰੇ ਜਵਾਬ ਵਿਚ ਉਹਨਾਂ ਨੇ ਵੀ ਲੇਖ ਲਿਖੇ। ਇੰਜ ਇਹ ਇਕ ਬਹਿਸ ਜਿਹੀ ਬਣ ਗਈ। ਉਂਜ ਆਪਣੇ ਆਪ ਵਿਚ ਇਹ ਸਭ ਇਕ ਅਨੋਖੀ ਘਟਨਾ ਸੀ। ਕਿਉਂਕਿ 'ਨਵਾਂ ਹਿੰਦੁਸਤਾਨ' ਦੇ ਐਡੀਟਰ ਤੋਂ ਬਿਨਾ ਉਸ ਵੇਲੇ ਕੋਈ ਇਕ ਵੀ ਸਿੱਖ ਲਿਖਾਰੀ ਸਿਆਸਤਦਾਨ (ਸ੍ਰ. ਦਰਬਾਰਾ ਸਿੰਘ ਪ੍ਰਧਾਨ ਪੰਜਾਬ ਕਾਂਗਰਸ ਤੋਂ ਬਿਨਾ) ਜਾਂ ਐਡੀਟਰ ਨਹੀਂ ਸੀ। ਜਿਹੜਾ ਪੰਜਾਬੀ ਸੂਬੇ ਦੀ ਉਸ ਲਹਿਰ ਦਾ ਵਿਰੋਧ ਕਰ ਰਿਹਾ ਹੋਵੇ, ਜਿਹੜਾ ਭਾਸ਼ਾ ਦੇ ਆਧਾਰ ਤੇ ਨਾ ਹੋ ਕੇ ਸਿੱਖ ਬਹੁਗਿਣਤੀ ਦੇ ਆਧਾਰ ਉਤੇ

ਮੰਗਿਆ ਜਾ ਰਿਹਾ ਸੀ। ਮੇਰੇ ਸਾਹਮਣੇ ਪੰਜਾਬ ਵੀ ਸੀ, ਹਿੰਦੁਸਤਾਨ ਵੀ ਸੀ ਤੇ ਭਵਿੱਖ ਵਿਚ ਇਸ ਅੰਦੋਲਨ ਦੀ ਕਾਮਯਾਬੀ ਦੇ ਆਧਾਰ ਉਪਰ ਜੋ ਨਤੀਜੇ ਨਿਕਲ ਸਕਦੇ ਸਨ, ਉਹ ਸਭ ਕੁੱਝ ਮੈਨੂੰ ਦਿੱਸ ਰਿਹਾ ਸੀ। ਮੈਂ ਦੇਖ ਰਿਹਾ ਸਾਂ ਕਿ ਇਹ ਬੋਤਲ ਵਿਚ ਬੰਦ ਉਸ ਜਿੰਨ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਹੈ, ਜਿਹੜਾ ਢੱਕਣ ਖੋਲ੍ਹਣ ਵਾਲੇ ਨੂੰ ਵੀ ਨਹੀਂ ਬਖਸ਼ੇਗਾ ਤੇ ਦੂਜਿਆਂ ਨੂੰ ਵੀ ਨਹੀਂ।

ਸਤਿਗੁਰੂ ਜੀ ਦੱਖਣ ਵਲੋਂ ਦਿੱਲੀ ਪਰਤੇ। ਮੈਨੂੰ ਬੁਲਾਵਾ ਆਇਆ। ਸਤਿਗੁਰਾਂ ਦੇ ਸਾਹਮਣੇ ਅਕਾਲੀ ਅਖਬਾਰਾਂ ਵਲੋਂ 'ਨਵਾਂ ਹਿੰਦੁਸਤਾਨ' ਬਾਰੇ ਛਪੇ ਲੇਖ ਪਏ ਹੋਏ ਸਨ, ਪੁੱਛ ਹੋਈ। ਮੈਂ 'ਨਵਾਂ ਹਿੰਦੁਸਤਾਨ' ਵਿਚ ਛਪੇ ਆਪਣੇ ਲੇਖ ਸਾਹਮਣੇ ਰੱਖ ਦਿਤੇ। ਪੜ੍ਹਕੇ ਸੁਣਾਉਣ ਦਾ ਹੁਕਮ ਹੋਇਆ। ਮੈਂ ਲੇਖ ਪੜ੍ਹੇ। ਸਤਿਗੁਰਾਂ ਨੇ ਦੂਸਰੇ ਕਮਰੇ ਵਿਚੋਂ ਮਹਾਰਾਜ ਬੀਰ ਸਿੰਘ ਨੂੰ ਬੁਲਾਇਆ ਤੇ ਆਉਣ 'ਤੇ ਮੇਰੇ ਵਾਲੇ ਲੇਖ ਫਿਰ ਤੋਂ ਪੜ੍ਹਕੇ ਮਹਾਰਾਜ ਜੀ ਨੂੰ ਸੁਣਾਉਣ ਲਈ ਹੁਕਮ ਕੀਤਾ। ਦੂਜੀ ਵਾਰੀ ਦੇ ਪਾਠ ਤੋਂ ਬਾਅਦ ਸਤਿਗੁਰਾਂ ਨੇ ਮਹਾਰਾਜ ਜੀ ਨੂੰ ਪੁੱਛਿਆ - "ਹੁਣ ਆਪ ਦੀ ਇਸ ਬਾਰੇ ਕੀ ਰਾਏ ਹੈ ?"

ਮਹਾਰਾਜ ਜੀ ਨੂੰ ਚੁੱਪ ਵੇਖਕੇ ਮੈਨੂੰ ਉਥੋਂ ਕੁੱਝ ਸਮੇਂ ਲਈ ਹਟ ਜਾਣ ਦਾ ਹੁਕਮ ਹੋਇਆ। ਫਿਰ ਬੁਲਾਵਾ ਆਇਆ। ਸਤਿਗੁਰਾਂ ਨੇ ਹੁਕਮ ਕੀਤਾ- "ਏਸੇ ਤਰ੍ਹਾਂ ਲਿਖੀ ਜਾਓ।"

ਕੁੱਝ ਸਮੇਂ ਬਾਅਦ ਸਤਿਗੁਰੂ ਜੀ ਫਿਰ ਦਿੱਲੀ ਆਏ । ਮੈਂ ਸੇਠ ਤ੍ਰਿਲੋਕ ਸਿੰਘ ਜੀ ਦੀ ਕੋਠੀ ਗਿਆ ਤਾਂ ਅੱਗੋਂ ਨਾਮਧਾਰੀਆਂ ਦੇ ਹੀ ਇਕ ਗਰੁੱਪ ਨੇ ਮੈਨੂੰ ਘੇਰ ਲਿਆ। ਪੰਜਾਬੀ ਸੂਬੇ ਬਾਰੇ ਮੇਰੇ ਲੇਖਾਂ ਦੇ ਬਹਾਨੇ ਮੈਨੂੰ ਘੂਰ-ਘੱਪ ਹੋਣ ਲੱਗੀ। ਰੌਲਾ ਸੁਣਕੇ ਸਤਿਗੁਰੂ ਜੀ ਬਾਹਰ ਆਏ ਤੇ ਸਾਰਿਆਂ ਨੂੰ ਸੁਣਾਕੇ ਹੁਕਮ ਕੀਤਾ ਕਿ "ਪੰਜਾਬੀ ਸੂਬੇ ਬਾਰੇ ਜਿੰਨੇ ਵੀ ਲੇਖ ਤੁਸਾਂ ਹੁਣ ਤਕ ਲਿਖੇ ਨੇ ਉਹ ਸਾਰੇ ਇੱਕਠੇ ਕਰਕੇ ਇਕ ਕਿਤਾਬਚੇ ਦੇ ਰੂਪ ਵਿਚ ਛਾਪ ਕੇ ਮੇਰੀ ਗੱਡੀ ਵਿਚ ਰਖਵਾ ਦਿਓ। ਮੈਂ ਜਿਥੇ ਵੀ ਜਾਵਾਂਗਾ - ਆਪਣੇ ਹੱਥੀਂ ਲੋਕਾਂ ਨੂੰ ਦਿਆਂਗਾ।"

ਮੈਂ ਕਿਤਾਬਚਾ ਛਾਪ ਕੇ ਸਤਿਗੁਰਾਂ ਦੀ ਗੱਡੀ ਵਿਚ ਰਖਵਾ ਦਿਤਾ।

ਕਾਮਰੇਡ ਜਗਜੀਤ ਸਿੰਘ ਆਨੰਦ ਤੇ ਅਜੀਤ ਦੇ ਐਡੀਟਰ ਸਾਧੂ ਸਿੰਘ ਜੀ ਹਮਦਰਦ ਸਤਿਗੁਰੂ ਜੀ ਨੂੰ ਇਸੇ ਸਬੰਧ ਵਿਚ ਮਿਲਣ ਆਏ ਤੇ ਪੰਜਾਬੀ ਸੂਬਾ ਅੰਦੋਲਨ ਦੇ ਹੱਕ ਵਿਚ ਜਾਂ ਨਿਰਪੱਖ ਹੋਣ ਲਈ ਬੇਨਤੀ ਕੀਤੀ। ਸਤਿਗੁਰਾਂ ਹੱਸ ਕੇ ਕਿਹਾ ਸੀ "ਤੁਸੀ ਦੋਵੇਂ ਨਵਾਂ ਜ਼ਮਾਨਾ ਤੇ ਅਜੀਤ ਦੇ ਐਡੀਟਰ ਹੋ ਅਤੇ ਅਮਰ ਭਾਰਤੀ ਨਵਾਂ ਹਿੰਦੁਸਤਾਨ ਦੇ।" ਤੁਸੀਂ ਤਿੰਨੋ ਮੇਰੇ ਸਾਹਮਣੇ ਬਹਿਕੇ ਇਸ ਵਿਸ਼ੇ ਤੇ ਆਪਣੇ ਆਪਣੇ ਵਿਚਾਰ ਰੱਖੋ। ਮੈਨੂੰ ਜੋ ਠੀਕ ਜਚੇਗਾ ਉਹੋ ਫੈਸਲਾ ਦੇ ਦਿਆਂਗਾ। ਉਹਨਾਂ ਦੋਹਾਂ ਨੇ ਅਰਜ ਕੀਤੀ 'ਜੀ' ਉਂਜ ਹੀ ਆਪ ਐਲਾਨ ਕਰ ਦਿਓ, ਪੰਜਾਬੀ ਸੂਬਾ ਅੰਦੋਲਨ ਦੇ ਹੱਕ ਵਿਚ। ਸਤਿਗੁਰਾਂ ਕਿਹਾ - 'ਉਂਜ ਤਾਂ ਸਾਡਾ ਪੱਖ ਤੁਹਾਡੇ ਸਾਹਮਣੇ ਹੈ ਈ ਏ।'

ਬੇਸ਼ੱਕ ਅਕਾਲੀ ਤੇ ਕਮਿਉਨਿਸਟ ਆਪਣੇ ਮਨੋਰਥ ਵਿਚ ਸਫਲ ਹੋ ਗਏ ਪਰ ਸਤਿਗੁਰਾਂ ਨੇ ਪੰਜਾਬੀ ਸੂਬੇ ਬਾਰੇ ਹੋਣ ਵਾਲੀਆਂ ਵਿਚਾਰਵਾਨਾਂ ਦੀਆਂ ਕਈ ਮੀਟਿੰਗਾਂ ਵਿਚ ਖੁਲ੍ਹਕੇ ਹਿੱਸਾ ਲਿਆ ਤੇ ਆਪਣਾ ਫੈਸਲਾ ਦਰਜ ਕਰਵਾਇਆ।

## ਕੁੱਝ ਧਰਮ ਬਾਰੇ :-

ਧਰਮ ਦੇ ਅਨੇਕਾਂ ਰੂਪ ਨੇ ਅਤੇ ਅਨੇਕਾਂ ਹੀ ਉਸ ਦੀਆਂ ਪਰਤਾਂ। ਕਿਸੇ ਵੀ ਧਰਮ ਦਾ ਪਹਿਲਾ ਸਰੂਪ ਧਾਰਮਕ ਨਹੀਂ ਸਗੋਂ ਅਧਿਆਤਮਕ ਹੁੰਦਾ ਹੈ। ਜਦੋਂ ਅਧਿਆਤਮਕ ਵਿਚਾਰ ਧਰਮ ਦਾ ਚੋਲਾ ਪਹਿਨਦਾ ਹੈ ਉਦੋਂ ਉਸਦੀ ਪਹਿਲੀ ਵਿਚਾਰਧਾਰਕ ਟੱਕਰ ਦੂਸਰੇ ਧਰਮਾਂ ਨਾਲ ਹੁੰਦੀ ਹੈ। ਉਸ ਟੱਕਰ ਵਿਚ ਜੇ ਉਹ ਧਰਮ ਟਿਕਿਆ ਰਹਿ ਜਾਵੇ ਤਾਂ ਉਸਦਾ ਅਗਲਾ ਰੂਪ ਧਾਰਮਕ ਸੰਗਠਨ ਦਾ ਹੁੰਦਾ ਹੈ। ਉਦੋਂ ਉਹ ਆਪਣੇ ਵਿਚਾਰਾਂ ਵਾਲੇ ਲੋਕਾਂ ਦੀ ਆਜ਼ਾਦੀ ਲਈ ਜਾਂ ਉਨ੍ਹਾਂ ਦੀ ਬਿਰਤਰੀ ਅਥਵਾ ਸ਼ਰੇਸ਼ਠਤਾ ਸਥਾਪਤ ਕਰਨ ਲਈ ਦੂਜੇ ਧਰਮਾਂ ਵਿਰੁੱਧ ਜੰਗ ਸ਼ੁਰੂ ਕਰਦਾ ਹੈ। ਉਸ ਵਿਚ ਮੁਲਕ ਜਿੱਤੇ ਵੀ ਜਾਂਦੇ ਨੇ ਤੇ ਦੂਸਰੇ ਧਰਮਾਂ ਵਲੋਂ ਜਿੱਤੇ ਹੋਏ ਮੁਲਕ ਆਜ਼ਾਦ ਵੀ ਕਰਵਾਏ ਜਾਂਦੇ ਨੇ। ਅੰਤ ਤੇ ਹਰ ਧਾਰਮਕ ਸੰਗਠਨ ਦੂਹਰੀ ਲੜਾਈ ਲੜਦਾ ਹੈ - ਦੂਜੇ ਧਰਮਾਂ ਦੇ ਖਿਲਾਫ ਅਤੇ ਆਪਣੇ ਪ੍ਰਾਰੰਭਕ ਕਲਿਆਣਕਾਰੀ ਰੂਪ ਦੇ ਖਿਲਾਫ ਵੀ। ਇਹ ਜੰਗ ਲੰਮੀ ਵੀ ਹੋ ਸਕਦੀ ਹੈ ਤੇ ਥੋੜ੍ਹ ਚਿਰੀ ਵੀ। ਇਸਲਾਮ ਨੇ ਮਨਸੂਰ ਨੂੰ ਸੰਗਬਾਰ ਕੀਤਾ, ਹਿੰਦੂ ਸਿੱਖਾਂ ਦੇ ਸਿਰਾਂ ਦੇ ਨਾਲ ਨਾਲ ਦਿੱਲੀ ਦੀ ਜਾਮਾ ਮਸਜਿਦ ਦੀਆਂ ਪੌੜੀਆਂ ਵਿਚ ਸੂਫੀ ਫਕੀਰ ਸਰਮਦ ਦਾ ਸਿਰ ਵੀ ਕਲਮ ਕੀਤਾ। ਦੁਨੀਆਂ ਭਰ ਦੇ ਮੁਸਲਮਾਨਾਂ ਦਾ ਇਕੋ ਦੇਸ਼ ਤੇ ਇਕੋ ਹਕੂਮਤ ਬਨਾਉਣ ਦੀ ਥਾਂ ਸ਼ੀਆ ਸੁੰਨੀ ਦੀ ਲੜਾਈ ਸ਼ੁਰੂ ਕੀਤੀ, ਈਰਾਨ ਤੇ ਈਰਾਕ ਦੇ ਮੁਸਲਿਮ ਹਾਕਮਾਂ ਨੇ ਇਕ ਦੂਜੇ ਮੁਲਕ ਦੇ ਲੱਖਾਂ ਮੁਸਲਮਾਨਾਂ ਨੂੰ ਆਪਸੀ ਜੰਗ ਵਿਚ ਕਤਲ ਕੀਤਾ ਹੈ। ਪਾਕਿਸਤਾਨ ਦੇ ਦੋ ਹਿੱਸਿਆਂ ਪੱਛਮੀ ਤੇ ਪੂਰਬੀ ਹਿੱਸੇ ਵਿਚਕਾਰ ਜੰਗ ਹੋਈ ਤੇ ਬੰਗਲਾ ਦੇਸ਼ ਦੇ ਮੁਸਲਮਾਨ ਪਾਕਿਸਤਾਨ ਦੇ ਮੁਸਲਮਾਨਾਂ ਦੀ ਗੁਲਾਮੀ ਹੇਠੋਂ ਨਿਕਲ ਗਏ। ਪੱਛਮੀ ਪਾਕਿਸਤਾਨ ਦੇ ਸਿੰਧ ਸੂਬੇ ਵਿਚ ਮੁਹਾਜ਼ਿਰ ਤੇ ਸਥਾਨਕ ਮੁਸਲਮਾਨਾਂ ਵਿਚਕਾਰ ਜੰਗ ਜਾਰੀ ਹੈ। ਇਹ ਮੁਹਾਜ਼ਿਰ ਮੁਸਲਮਾਨ ਉਹੋ ਹੀ ਨੇ ਜਿਹਨਾਂ ਨੇ ਮਜ਼ਹਬ ਦੇ ਆਧਾਰ ਉਪਰ ਪਾਕਿਸਤਾਨ ਦੀ ਕਾਇਮੀ ਲਈ ਸਭ ਤੋਂ ਵੱਧ ਲੜਾਈ ਲੜੀ ਸੀ ਤੇ ਪਾਕਿਸਤਾਨ ਬਣਨ ਤੋਂ ਬਾਅਦ ਹਿੰਦੁਸਤਾਨ ਛੱਡਕੇ ਆਪਣੇ ਨਵੇਂ ਇਸਲਾਮੀ ਦੇਸ਼ ਵਿਚ ਵੱਸਣ ਲਈ ਪਾਕਿਸਤਾਨ ਚਲੇ ਗਏ ਸਨ। ਇਹਨਾਂ ਨੂੰ ਉਧਰ ਦੇ ਲੋਕ ਸਿੰਧੀ, ਬਲੋਚੀ, ਪਠਾਣ ਤੇ ਪੰਜਾਬੀ ਮੁਹਾਜ਼ਿਰ ਆਖਦੇ ਨੇ ਤੇ ਚਾਹੁੰਦੇ ਨੇ ਕਿ ਇਹਨਾਂ ਮੁਹਾਜ਼ਿਰਾਂ ਦਾ ਧਰਤੀ ਤੋਂ ਨਾਮੋ ਨਿਸ਼ਾਨ ਮਿਟ ਜਾਵੇ।

ਸਿੱਖ ਧਰਮ ਨੇ ਜਦੋਂ ਸਿਆਸੀ ਸੰਗਠਨ ਦਾ ਰੂਪ ਧਾਰਿਆ ਤਾਂ ਨਤੀਜੇ

ਵਜੋਂ ਖਾਲਸਾ ਰਾਜ ਵਜੂਦ ਵਿਚ ਆਇਆ। ਕਾਹਲੀ ਕੀਤੀ ਤੇ ਛੇਤੀ ਹੀ ਆਪਣੇ ਖਿਲਾਫ ਆਪੇ ਜੰਗ ਛੇੜ ਲਈ। ਨਿਰਾ ਇਕ ਦੂਜੇ ਨੂੰ ਹੀ ਨਾ ਮਾਰਿਆ - ਬਾਬਾ ਬੀਰ ਸਿੰਘ ਵਰਗੇ ਧਾਰਮਕ ਪੁਰਸ਼ ਨੂੰ ਵੀ ਤੋਪ ਦੇ ਗੋਲੇ ਨਾਲ ਖਤਮ ਕਰ ਦਿਤਾ। ਇਹ ਕੰਮ ਕਰਕੇ ਫਿਰ ਮਾਣ ਨਾਲ ਇਹ ਵੀ ਆਖਿਆ -

*ਬੀਰ ਸਿੰਘ ਜਿਹੇ ਅਸਾਂ ਮਾਰ ਦਿਤੇ*
*ਨਹੀਂ ਛੱਡਣਾ ਸਾਧ ਤੇ ਸੰਤ ਮੀਆਂ।*

ਅੱਜ ਵੀ ਇਹੋ ਕੁੱਝ ਵਾਪਰ ਰਿਹਾ ਹੈ। ਧਾਰਮਕ ਸੰਗਠਨ ਚਾਹੇ ਕੋਈ ਵੀ ਹੋਵੇ ਇਹੋ ਉਸਦੀ ਨੀਯਤੀ ਹੈ।

ਕਾਲ ਨੇ ਤੇ ਇਤਿਹਾਸ ਨੇ ਮਨੁੱਖ ਦੀ ਸਮਝ ਨੂੰ ਨਵਾਂ ਮੋੜ ਦਿਤਾ ਹੈ। ਸਾਇੰਸ ਨੇ ਅੰਧ ਵਿਸ਼ਵਾਸ ਦੀ ਥਾਂ ਸੰਭਾਲ ਲਈ ਹੈ ਤੇ ਸਿਆਸੀ ਜਥੇਬੰਦੀਆਂ ਨੇ ਮਨੁੱਖ ਦੀ ਪੂਰਨ ਆਜ਼ਾਦੀ ਲਈ ਜੰਗ ਦੀ। ਬਾਈਬਲ ਦੇ ਸੂਰਜ ਦੇ ਨਾਲ ਨਾਲ ਗਲੈਲੀਓ ਦੀ ਧਰਤੀ ਕਲੀਸਾਂ ਵਲੋਂ ਉਸਨੂੰ ਕਤਲ ਕਰ ਦਿਤੇ ਜਾਣ ਤੇ ਵੀ ਲਗਾਤਾਰ ਘੁੰਮ ਰਹੀ ਹੈ। ਕਰੋੜਾਂ ਅਰਬਾਂ ਲੋਕਾਂ ਦੀ ਕਿਸਮਤ ਦੇ ਫੈਸਲੇ ਹੁਣ ਧਾਰਮਕ ਮੱਠਾਂ-ਮੰਦਰ-ਮਸਜਿਦਾਂ ਵਿਚ ਨਹੀਂ ਸਗੋਂ ਸਿਆਸੀ ਪਾਰਟੀਆਂ ਦੇ ਦਫਤਰਾਂ ਅਤੇ ਯੂਐਨ.ਓ. ਵਰਗੀਆਂ ਕੌਮਤਰੀ ਸੰਸਥਾਵਾਂ ਵਿਚ ਹੋ ਰਹੇ ਨੇ।

ਅੱਜ ਇਹ ਗੱਲ ਹਰ ਸੋਚਣ ਸਮਝਣ ਵਾਲੇ ਦੇ ਚਿੰਤਣ ਦਾ ਹਿੱਸਾ ਬਣਦੀ ਜਾ ਰਹੀ ਹੈ ਕਿ ਧਰਮ ਤੇ ਸਿਆਸਤ ਵੱਖਰੀਆਂ ਵੱਖਰੀਆਂ ਚੀਜ਼ਾਂ ਨੇ। ਧਰਮ ਵਿਅਕਤੀਗਤ ਭਾਵ ਹੈ - ਕੇਵਲ ਪੂਜਾ ਅਰਚਨਾ ਤਕ ਮਹਿਦੂਦ, ਰਾਜ-ਕਾਜ, ਸਮਾਜਕ ਤੇ ਆਰਥਕ ਵਿਸ਼ੇ ਸਿਆਸਤਦਾਨਾਂ, ਸਮਾਜ ਵਿਗਿਆਨੀਆਂ ਤੇ ਅਰਥ ਸ਼ਾਸਤਰੀਆਂ ਦੇ ਜਿੰਮੇ ਹਨ।

● ●

- ਰਸ਼ਮੀ ਸੁਮੇਧਾ

# ਗਿਆਨ ਦੀ ਲੋਅ ਬੁਝਣ ਤੇ ਵੀ ਉਸਦਾ ਪ੍ਰਕਾਸ਼ ਸਦਾ ਰਹੇਗਾ

ਸਾਹਿਤਕ ਸਿਰਜਣਾ ਅਤੇ ਧਰਮ ਨਿਸ਼ਠ ਵਿਦਵਾਨ ਸਮਤਵ ਦੇ ਮਾਲਕ ਸ੍ਰੀ ਅਮਰ ਭਾਰਤੀ ਜੀ ਅੱਜ ਦੇਹ ਕਰਕੇ ਸਾਡੇ ਵਿਚ ਨਹੀਂ ਰਹੇ। ਪਰ ਉਹਨਾਂ ਦਾ ਉਚ ਕੋਟੀ ਦਾ ਸਾਹਿਤ ਸਾਡੇ ਲਈ ਸਦਾ ਪ੍ਰੇਰਨਾ ਦਾ ਸਰੋਤ ਰਹੇਗਾ। ਉਹ ਹਰ ਉਸ ਬੁੱਧੀਜੀਵੀ ਵਿਅਕਤੀ ਵਾਸਤੇ ਆਪਣੇ ਸਾਹਿਤਕ ਗਿਆਨ ਦਾ ਅਨਮੋਲ ਖਜਾਨਾ ਛੱਡ ਗਏ ਹਨ। ਸ੍ਰੀ ਭਾਰਤੀ ਜੀ ਵਰਗੀਆਂ ਮਹਾਨ ਹਸਤੀਆਂ ਇਸ ਮੁੱਲਵਾਨ ਜੀਵਨ ਵਿਚ ਵਾਰ ਵਾਰ ਨਹੀਂ ਮਿਲਦੀਆਂ। ਨਾ ਕੇਵਲ ਸਾਹਿਤ ਖੇਤਰ ਨਾਲ ਜੁੜੇ ਬਲਕਿ ਹੋਰ ਸਭ ਨੂੰ ਵੀ ਉਹਨਾਂ ਦੇ ਚਲੇ ਜਾਣ ਦਾ ਬਹੁਤ ਘਾਟਾ ਪਿਆ ਹੈ। ਆਪ ਵਰਗੀ ਮਹਾਨ ਹਸਤੀ ਵਿਰਲੀ ਹੀ ਹੁੰਦੀ ਹੈ। ਜਿਥੋਂ ਤਕ ਮੈਂ ਉਹਨਾਂ ਦੇ ਬਾਰੇ ਜਾਣਿਆ ਅਤੇ ਪੜ੍ਹਿਆ ਹੈ, ਮੈਂ ਸਪੱਸ਼ਟ ਤੌਰ ਤੇ ਕਹਿ ਸਕਦੀ ਹਾਂ ਕਿ ਸਾਨੂੰ ਗਿਆਨ, ਵਿਵੇਕ ਦਾ ਪ੍ਰਕਾਸ਼ ਸੌਂਪ ਗਏ ਹਨ। ਜੀਵਨ ਨੂੰ ਨਵੀਂ ਦਿਸ਼ਾ ਦੇਣ ਵਾਸਤੇ ਉਹ ਗੁਰੂ ਆਸਥਾ ਵਾਲੇ ਮਹਾਨ ਧਰਮਾਤਮਾ ਸਨ। ਉਨ੍ਹਾਂ ਦੀ ਲੇਖਣ ਸ਼ੈਲੀ ਉਚ ਕੋਟੀ ਦੀ ਸੀ। ਉਹ ਮਹਾਨ ਗਿਆਨੀ, ਗੁਣੀ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਹਨਾਂ ਵਿਚ ਲਿਖਣ ਦੀ ਸਮਰਥਤਾ ਉੱਤਮ ਸੀ। ਉਹਨਾਂ ਦੀ ਸੋਚ ਅਤੇ ਚਿੰਤਨ ਤਿੱਖਾ ਸੀ। ਉਨ੍ਹਾਂ ਵਿਚ ਗਿਆਨ ਅਤੇ ਸਾਹਿਤ ਪ੍ਰਤੀ ਪ੍ਰੇਮ ਹੀ ਨਹੀਂ ਸਗੋਂ ਸੇਵਾ ਭਗਤੀ ਵੀ ਭਰੀ ਹੋਈ ਸੀ। ਉਹ ਸਾਡੀ ਪ੍ਰੇਰਨਾ ਬਣਕੇ ਆਏ ਅਤੇ ਸਾਨੂੰ ਬਹੁਤ ਸਾਰਾ ਗਿਆਨ ਅਧਿਅਨ ਖੇਤਰ ਦੁਆਰਾ ਦੇ ਗਏ। ਉਹਨਾਂ ਦੀ ਉਤਕ੍ਰਿਸ਼ਟ ਲੇਖਣੀ ਵਿਚ ਪ੍ਰਕਾਸ਼ ਸੀ, ਧਰਮ ਸ਼ਕਤੀ ਸੀ। ਭਾਰਤੀ ਜੀ ਦਾ ਸਮੁੱਚਾ ਜੀਵਨ ਪ੍ਰੇਰਣਾ ਨਾਲ ਓਤ ਪ੍ਰੋਤ ਖੁਲ੍ਹਾ ਗ੍ਰੰਥ ਹੈ ਜਿਹੜਾ ਸਾਡੇ ਲਈ, ਸਮਾਜ ਲਈ ਆਚਾਰ ਵਿਹਾਰ, ਭਗਤੀ ਨਿਸ਼ਠਾ ਅਤੇ ਸ਼ਰਧਾ ਤਪ ਦਾ ਵੱਡਾ ਖਜ਼ਾਨਾ ਹੈ। ਨਿਮਰਤਾ, ਸਾਦਗੀ ਅਤੇ ਸੇਵਾ ਭਾਵ ਭਾਰਤੀ ਜੀ ਦੇ ਜੀਵਨ ਦੀਆਂ ਬਹੁਤ ਵੱਡੀਆਂ ਵਿਸ਼ੇਸ਼ਤਾਵਾਂ ਹਨ। ਉਹਨਾਂ ਆਪਣਾ ਸਾਰਾ ਜੀਵਨ ਗਿਆਨ ਦੇ ਪ੍ਰਕਾਸ਼ ਨੂੰ ਪ੍ਰਜਵਲਿਤ ਕਰਕੇ ਗਿਆਨ ਦਾ ਪ੍ਰਕਾਸ਼ ਸਾਹਿਤ ਦੁਆਰਾ ਜਨ-ਜਨ ਤਕ ਪਹੁੰਚਾਉਣ ਵਿਚ ਲਗਾ ਦਿਤਾ। ਅਧਿਆਤਮਕਤਾ ਦੀ ਜਟਿਲਤਾ ਨੂੰ ਉਹਨਾਂ ਬੜੀ ਸਹਿਜਤਾ ਨਾਲ ਸਮਝਾਇਆ। ਉਹ ਪਰਮ ਗਿਆਨੀ ਅਤੇ ਕਰਮਠ ਪੁਰਸ਼ ਸਨ। ਇਹ ਹੀ ਆਦਰਸ਼ ਸ੍ਰੀ ਅਮਰ ਭਾਰਤੀ ਜੀ ਸਾਡੇ ਸਾਹਮਣੇ ਰਖ ਗਏ ਹਨ। ਸਰਬ ਗੁਣ ਸੰਪਨ ਆਤਮਾ ਵਿਦਿਆ ਅਤੇ ਤਪ ਨਾਲ ਜਾਣੀ ਜਾਂਦੀ ਹੈ। ਸਰਬ ਵਿਆਪੀ ਆਤਮਾ ਨੂੰ ਜਾਨਣਾ ਹੀ ਬ੍ਰਹਮ ਵਿਦਿਆ ਅਤੇ ਗਿਆਨ ਦਾ ਰਹੱਸ ਹੈ। ਇਹ ਭਾਰਤੀ ਜੀ ਦੇ ਜੀਵਨ ਵਿਚ ਸਾਫ ਨਜ਼ਰ ਆਉਂਦਾ ਹੈ। ਉਨ੍ਹਾਂ ਦਾ ਮਨੁੱਖੀ ਧਰਮ ਰੂਪੀ ਅਧਿਆਤਮਕ ਸਾਹਿਤ ਧਰਮ ਦੇ ਰਾਹ ਉਤੇ ਪ੍ਰੇਰਕ ਪ੍ਰਸਾਦ ਹੈ। ਸ੍ਰੀ ਭਾਰਤੀ ਜੀ ਦੇ ਚਿੰਤਨ ਨਾਲ ਕੋਈ ਵੀ ਜੀਵਨ ਦਾ ਪੱਖ ਅਛੂਤਾ ਨਹੀਂ ਰਿਹਾ ਹੈ। ਉਹਨਾਂ ਦਾ ਜੀਵਨ ਸੱਚੇ ਕਰਮ, ਸਾਧਨਾਮਈ ਭਗਤੀ ਅਤੇ ਈਮਾਨਦਾਰੀ ਨਾਲ ਭਰਿਆ ਸੀ। ਜਿਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਮਾਤਰ ਹੀ ਆਪਣੇ ਆਪ ਵਿਚ ਬਹੁਤ ਵੱਡੀ ਉਪਲਬਧੀ ਹਨ, ਉਥੇ ਭਾਰਤੀ ਜੀ ਸ੍ਰੀ ਸਤਿਗੁਰੂ ਜੀ ਦਾ ਨੇੜਲਾ ਪਿਆਰ ਪਾਕੇ ਵੀ ਸਹਿਣਸ਼ੀਲ ਰਹੇ, ਥੋੜ੍ਹਾ ਜਿਹਾ ਵੀ ਘੁਮੰਡ ਉਹਨਾਂ ਵਿਚ ਨਹੀਂ ਆਇਆ। ਉਹ ਦਇਆ, ਪ੍ਰੇਮ ਅਤੇ ਚੰਗੀ ਰੂਹ ਦੇ ਮਾਲਕ ਸਨ।

# 4 ਜਨਵਰੀ 1991 ਨੂੰ ਸੇਠ ਤ੍ਰਿਲੋਕ ਸਿੰਘ ਜੀ ਵਲੋਂ ਸਨਮਾਨ ਪ੍ਰਾਪਤ ਕਰਨ ਉਪਰੰਤ ਧੰਨਵਾਦ ਵਜੋਂ

# ਭਾਰਤੀ ਜੀ ਵਲੋਂ ਪੇਸ਼ ਕੀਤੇ ਗਏ ਸ਼ਬਦ

ਆਜ਼ਾਦੀ ਤੇ ਸ਼ਾਂਤੀ ਦੇ ਦੌਰ ਵਿਚ ਨਾਮਧਾਰੀ ਸਮਾਜ ਵਿਚ ਆਏ ਵਿਰਲੇ ਮੌਕਿਆਂ ਵਿਚੋਂ ਅੱਜ ਦਾ ਇਹ ਮੌਕਾ ਵੀ ਇਕ ਹੈ ਜਦੋਂ ਕਲਮ ਨੂੰ ਸਨਮਾਨਤ ਕਰਨ ਬਾਰੇ ਸੋਚਿਆ ਗਿਆ ਹੈ।

ਕਲਮ ਵਾਲੇ ਹੁਣ ਤੋਂ ਪਹਿਲਾਂ ਵੀ ਆਪਣਾ ਕਰਮ ਕਰਦੇ ਰਹੇ ਤੇ ਅੱਗੋਂ ਨੂੰ ਵੀ ਕਰਦੇ ਰਹਿਣਗੇ। ਕਲਮ ਦੇ ਕਦਰਦਾਨਾਂ ਵਲੋਂ ਉਹਨਾਂ ਦੀ ਕਦਰਦਾਨੀ ਵੀ ਹੁੰਦੀ ਰਹੀ ਹੈ ਕਿਉਂਕਿ ਕਲਮ ਨੇ ਜਿਹੜੀ ਸ਼ਬਦਕਾਰੀ ਕਰਨੀ ਹੁੰਦੀ ਏ – ਉਸਦੇ ਨਕਸ਼ ਮਨੁੱਖ ਜਾਂ ਮਨੁੱਖਾ ਸਮਾਜ ਦੇ ਕਿਸੇ ਅੰਸ਼ ਦੀ ਧੁਰੋਂ ਉਪਜੀ ਉਸ ਚਾਹਨਾ ਨੂੰ ਭਰੋਸਾ ਦਿਵਾਉਂਦੇ ਲਗਦੇ ਨੇ, ਜਿਸ ਚਾਹ ਨੂੰ ਜੁੱਗ-ਜੁੱਗਾਂਤਰ ਤਕ ਅਮਰ ਰਹਿਣ ਦੀ ਚਾਹ ਆਖਿਆ ਜਾਂਦਾ ਏ। ਅੱਖਰਾਂ ਤੋਂ ਇਸ ਸ੍ਰਿਸ਼ਟੀ ਦੀ ਰਚਨਾ ਹੈ ਤੇ ਜਦੋਂ ਤਕ ਅੱਖਰ ਰਹਿਣਗੇ ਉਦੋਂ ਤਕ ਸ੍ਰਿਸ਼ਟੀ ਦਾ ਅੰਗ ਬਣੇ ਰਹਿਣ ਦੀ ਚਾਹ ਤੇ ਆਸ ਵੀ ਮਨੁੱਖ ਦੀ ਬਣੀ ਰਹੇਗੀ। ਜਦੋਂ ਕਲਮਕਾਰ ਲਿਖਦਾ ਏ ਉਦੋਂ ਉਹ ਇਕ ਤਰ੍ਹਾਂ ਨਾਲ ਛੋਟੇ ਪੈਮਾਨੇ ਦਾ ਹੀ ਸਹੀ – ਕਰਤਾ ਪੁਰਖ ਜਾਂ ਰਚਨਹਾਰ ਹੁੰਦਾ ਏ। ਇਸ ਰਚਨਾਕਾਰੀ ਦਾ ਆਪਣਾ ਇਕ ਸਵਾਦ ਤੇ ਆਪਣਾ ਹੀ ਆਨੰਦ ਹੁੰਦਾ ਏ ਅਤੇ ਜੇ ਇਹ ਸ਼ਬਦ ਰਚਨਾ ਕਿਸੇ ਦੂਜੇ ਸਬੰਧੀ ਹੋਵੇ ਤਾਂ ਉਸ ਦੂਜੇ ਦਾ ਸੁਖ ਸਵਾਦ ਤੇ ਆਨੰਦ ਵੀ ਇਸ ਨਾਲ ਉਸੇ ਮਾਤ੍ਰਾ ਵਿਚ ਜੁੜ ਜਾਂਦਾ ਏ। ਇਹੋ ਕਾਰਨ ਏ ਕਿ ਕਲਮਕਾਰ ਔਖ ਸੌਖ ਝੱਲਕੇ ਵੀ ਲਿਖਦਾ ਏ ਤੇ ਸਬੰਧਤ ਵਿਅਕਤੀ ਜਾਂ ਸਮਾਜ ਔਖ ਸੌਖ ਸਹਿਕੇ ਵੀ ਉਸਨੂੰ ਪ੍ਰਕਾਸ਼ ਵਿਚ ਲਿਆਉਣ ਲਈ ਜਤਨ ਕਰਦਾ ਏ। ਪਿਛਲੇ ਸਮਿਆਂ ਤੇ ਅੱਜ ਵਾਲੇ ਸਮੇਂ ਵਿਚ ਅੱਖਰਾਂ ਬਾਰੇ ਸੋਚ ਦਾ ਕਾਫੀ ਫਰਕ ਏ। ਉਨ੍ਹਾਂ ਸਮਿਆਂ ਵਿਚ ਪ੍ਰਚਾਰ ਪ੍ਰਸਾਰ ਦੇ ਨਾ ਏਨੇ ਸਾਧਨ ਸਨ ਨਾ ਇਸ ਉਪਰ ਏਨੀ ਟੇਕ ਸੀ ਜਿੰਨੀ ਅੱਜ ਦੇ ਸਮੇਂ ਵਿਚ ਏ। ਮੇਰੀ ਆਪਣੀ ਜ਼ਿੰਦਗੀ ਦੇ ਸੋਚ ਵਿਚਾਰ ਵਾਲੇ ਚਾਲ੍ਹੀ-ਪੰਜਾਹ ਸਾਲਾਂ ਵਿਚ ਹੀ ਮੈਂ ਇਸਦੇ ਸਾਹਿਤਕ ਪੱਖ ਦੀ ਕਦਰਦਾਨੀ ਦੇ ਕਈ ਪੜਾਅ ਵੇਖੇ ਨੇ। ਅੱਜ ਦੇ ਪੜਾਅ ਉਪਰ ਪਹੁੰਚ ਕੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਵਲੋਂ ਇਸ ਪੱਖ ਵੱਲ ਦਿਤੇ ਜਾ ਰਹੇ ਉਚੇਚੇ ਧਿਆਨ ਤੇ ਕਲਮ ਦੀ ਕਦਰਦਾਨੀ ਨੂੰ ਵੇਖਕੇ ਜ਼ਮੀਨ ਅਸਮਾਨ ਦਾ ਫਰਕ ਮਹਿਸੂਸ ਹੋ ਰਿਹਾ ਹੈ।

ਅੱਜ ਵਾਲਾ ਇਹ ਲੇਖਕ ਮਿਲਣ ਸਮਾਰੋਹ ਬੇਸ਼ੱਕ ਧੰਨਤਾ ਦਾ ਲਖਾਇਕ ਹੈ – ਪਰ ਇਸਨੂੰ ਜੇ ਅਸੀਂ ਇਸ ਪੱਖ ਦੇ ਵਿਕਾਸ ਕ੍ਰਮ ਵਿਚ ਵੇਖਦਿਆਂ ਬੀਤੇ ਦੀਆਂ ਕੁੱਝ ਬੁਨਿਆਦੀ ਘਟਨਾਵਾਂ ਉਪਰ ਝਾਤ ਪਾਉਣ ਦਾ ਬਹਾਨਾ ਵੀ ਬਣਾ ਲਈਏ ਤਾਂ ਸ਼ਾਇਦ ਨਾਮੁਨਾਸਿਬ ਨਹੀਂ ਹੋਵੇਗਾ। ਕਿਉਂਕਿ ਇਸ ਨਾਲ ਸਾਨੂੰ ਅੱਗੋਂ ਲਈ ਕੁੱਝ ਸਪੱਸ਼ਟ ਨੀਤੀਆਂ ਬਣਾਨ ਵਿਚ ਸਹਾਇਤਾ ਮਿਲ ਸਕੇਗੀ।

ਜਦੋਂ ਮੈਂ 13-14 ਸਾਲਾਂ ਦਾ ਸਾਂ – ਇਕ ਕਹਾਣੀ ਮੇਰੇ ਸਾਹਮਣੇ ਜੀਵੰਤ ਹੋਈ। ਮੇਰੇ ਵੱਡੇ ਭਾਈ ਸੰਤ ਮੰਗਲ ਸਿੰਘ ਜੀ ਲਾਇਲਪੁਰੀ ਦੀ ਅਰਜ ਤੇ ਸੰਤ ਨਿਧਾਨ ਸਿੰਘ ਜੀ ਆਲਿਮ ਉਹਨਾਂ ਦਿਨਾਂ ਵਿਚ ਅੰਮ੍ਰਿਤਸਰ ਸਾਡੇ ਘਰ ਹੀ ਰਹਿ ਰਹੇ ਸਨ। 'ਸਿੱਖ ਧਰਮ ਤੇ ਮਾਸ' ਨਾਮ ਦੀ ਪੁਸਤਕ ਲਿਖਣ ਵਿਚ ਆਪਦਾ ਸਾਰਾ ਦਿਨ ਬੀਤਦਾ। ਦੂਜੇ-ਚੌਥੇ ਕਿਤੇ ਨਾ ਕਿਤੇ ਰਾਤ ਦਾ ਦੀਵਾਨ ਵੀ ਲਗਾਉਂਦੇ ਤੇ ਭੇਟਾ ਵਜੋਂ ਢਾਈ ਰੁਪਏ ਨਕਦ ਅਤੇ ਦੁੱਧ ਦੇ ਇਕ ਦੋ ਗੜਵੇ ਮਿਲਦੇ। ਦੋ ਤਿੰਨ ਸਾਜ਼ਿੰਦਿਆਂ ਤੇ ਸੇਵਕਾਂ ਤੋਂ ਅਲਾਵਾ ਆਪਦਾ ਪ੍ਰਵਾਰ ਵੀ ਨਾਲ ਸੀ। ਏਨੀ ਕੁ ਆਮਦਨ ਨਾਲ ਚੁਲ੍ਹੇ ਦੀ ਸਥਿਤੀ ਜੋ ਹੋ ਸਕਦੀ ਸੀ, ਉਹ ਮੇਰੀਆਂ ਅੱਖਾਂ ਅੱਗੇ ਅੱਜ ਵੀ ਜਿਉਂ ਦੀ ਤਿਉਂ ਹੈ। ਇਕ ਵਾਰੀ ਨਿਮਾਣੀ ਇਕਾਦਸੀ ਵਾਲੇ ਦਿਨ ਆਲਿਮ ਜੀ ਕਿਹਾ – ਨਹਿਰ ਤੇ ਮੇਲਾ ਲੱਗਦਾ ਏ ਨਿਮਾਣੀ ਦਾ, ਉਥੇ ਚਲੀਏ। ਦੋ ਮੀਲ ਚਲਕੇ ਨਹਿਰ ਦੇ ਕੰਢੇ ਆਸਣ ਵਿਛਾ ਕੇ ਬੈਠ ਗਏ। ਸਾਹਮਣੇ ਇਕ ਹੋਰ ਕਪੜਾ ਵਿਛਾ ਕੇ ਉਸ ਉਪਰ ਲਾਇਲਪੁਰੀ ਜੀ ਦੀ ਜੇਬ ਵਿਚੋਂ ਕਢਵਾ ਦੋ ਚਾਰ ਆਨੇ ਖਿੰਡਾਰ ਕੇ ਕੀਰਤਨ ਸ਼ੁਰੂ ਕਰ ਦਿਤਾ। ਘੰਟੇ ਕੁ ਭਰ ਦੀ ਇਸ ਕਸਰਤ ਨਾਲ ਮਸਾਂ ਚਾਰ ਕੁ ਆਨੇ ਮੱਥਾ ਟਿਕਿਆ।

ਆਲਿਮ ਜੀ ਜਿਹਾ ਵਿਦਵਾਨ ਤੇ ਆਰਥਕ ਪੱਖੋਂ ਇਹ ਹਾਲ, ਮੇਰੇ ਮਨ ਨੂੰ ਇਹ ਗੱਲ ਹਮੇਸ਼ਾ ਕਚੋਟਦੀ ਰਹੀ ਹੈ। ਇਹ ਗੱਲ ਆਖਣੀ ਤੇ ਅੱਜ ਵੀ ਔਖੀ ਹੈ ਕਿ ਨਾਮਧਾਰੀ ਸਮਾਜ ਦੇ ਸਾਰੇ ਕਲਮਕਾਰ ਅੱਜ ਆਰਥਕ ਪੱਖੋਂ ਨਿਸਚਿੰਤ ਹੋ ਸ਼ਬਦਕਾਰੀ ਕਰ ਰਹੇ ਨੇ ਤੇ ਉਹਨਾਂ ਨੂੰ ਸਨਮਾਨ ਪੂਰਨ ਢੰਗ ਨਾਲ ਉਦਰ ਪੂਰਤੀ ਲਈ ਹੋਰ ਕੋਈ ਧੰਧਾ ਨਹੀਂ ਕਰਨਾ ਪੈਂਦਾ।

ਮੈਂ ਖੁਦ ਉਹਨਾਂ ਵਿਚੋਂ ਇਕ ਹਾਂ, ਜਿਹਨਾਂ ਲਈ ਸ਼ਬਦਕਾਰੀ ਸੁਖ ਆਨੰਦ ਤੇ ਜੀਵਨ ਦੀ ਸਾਰਥਕਤਾ ਦਾ ਸਾਧਨ ਏ। ਆਪਣੇ ਇਸ ਆਨੰਦ ਦੀ ਪ੍ਰਾਪਤੀ ਲਈ ਮੈਂ ਹਮੇਸ਼ਾ ਜਤਨ ਕੀਤਾ ਹੈ ਕਿ ਕਿਸੇ ਦੇ ਵੀ ਹੱਥਾਂ ਵੱਲ ਵੇਖ ਕੇ ਉਸਨੂੰ ਨਿਰਾਨੰਦ ਨਾ ਕਰਨਾ ਪਏ। ਮੈਨੂੰ ਹਮੇਸ਼ਾ ਇਹ ਸੁਝਾਅ ਮਿਲਦੇ ਰਹੇ ਕਿ ਮੈਂ ਆਪਣਾ ਦਵਾਖਾਨਾ ਬੰਦ ਕਰਕੇ ਕੇਵਲ ਲਿਖਾਂ – ਪਰ ਸ਼ਾਇਦ ਆਲਿਮ ਜੀ ਦੀ ਉਸ ਹਾਲਤ ਦਾ ਅਸਰ ਰਹਿਣ ਕਰਕੇ ਮੈਂ ਲਿਖਣ ਦੇ ਨਾਲ ਨਾਲ ਉਸਦੀ ਸੁਤੰਤਰਤਾ ਤੇ ਆਤਮ ਸਨਮਾਨ ਨੂੰ ਧਿਆਨ ਵਿਚ ਰਖਦਾ ਰਿਹਾ ਹਾਂ। ਇਸ ਲਈ ਦਵਾਖਾਨਾ ਵੀ ਕਾਇਮ ਰਿਹਾ ਤੇ ਮੈਂ ਦੋ ਮੁੱਠੀ ਅੰਨ ਲਈ ਭੰਡਾਰੀਆਂ ਦੇ ਦਰ ਤੇ ਬਾਰ ਬਾਰ ਸਲਾਮ ਕਰਨੋਂ ਵੀ ਬਚਦਾ ਰਿਹਾ। ਇਸਦੇ ਬਾਵਜੂਦ ਜਦੋਂ ਮੈਂ ਲਿਖਣ ਦਾ ਕੋਈ ਵਡੇਰਾ ਕੰਮ ਹੱਥ ਵਿਚ ਲੈਂਦਾ

ਤਾਂ ਦਵਾਖਾਨਾ ਲਗਭਗ ਬੰਦ ਤੇ ਹੱਥ ਤੰਗ ਹੋ ਜਾਂਦਾ।

'ਸਿੱਖ ਇਤਿਹਾਸ ਤੇ ਕੂਕੇ' ਨਾਮੀ ਪੁਸਤਕ ਲਿਖ ਰਿਹਾ ਸਾਂ ਤੇ ਨਾਲ ਦੀ ਨਾਲ ਆਪਣੇ ਤੌਰ ਤੇ ਸਤਿਗੁਰਾਂ ਤੋਂ ਚੋਰੀ ਚੋਰੀ ਛਪਵਾ ਵੀ ਰਿਹਾ ਸਾਂ - ਮਨ ਵਿਚ ਇਕ ਗੱਲ ਸੀ। ਸਤਿਗੁਰਾਂ ਨੇ ਇਕ ਵਾਰੀ ਕੁੱਝ ਐਸੇ ਅੰਦਾਜ਼ ਨਾਲ ਹੀ ਇਹ ਗੱਲ ਆਖੀ ਸੀ ਕਿ ਠੋਸ ਤਰਕਾਂ ਵਾਲੀ ਪੁਸਤਕ ਸਾਡੇ ਵਲੋਂ ਕੋਈ ਵੀ ਨਹੀਂ ਲਿਖ ਪਾ ਰਿਹਾ।

ਗੱਲ ਮੈਨੂੰ ਲੱਗ ਗਈ ਸੀ ਤੇ ਮੈਂ ਚੁੱਪ ਚੁਪੀਤੇ ਕੰਮ ਸ਼ੁਰੂ ਕਰ ਦਿਤਾ। ਛਪਦੀ ਪੁਸਤਕ ਦੇ ਕੁੱਝ ਪੰਨੇ ਕਵੀ ਜੀ ਦੀ ਨਜ਼ਰੀਂ ਪੈ ਗਏ। ਉਹਨਾਂ ਪੜ੍ਹੇ ਤੇ ਜਾ ਕੇ ਸਤਿਗੁਰਾਂ ਅੱਗੇ ਸਿਫਾਰਸ਼ੀ ਚੁਗਲੀ ਲਾ ਦਿਤੀ। ਪੁਸਤਕ ਦੇ ਉਹਨਾਂ ਪੰਨਿਆਂ ਸਮੇਤ ਮੇਰੀ ਤਲਬੀ ਹੋ ਗਈ। ਰਾਤ ਬੈਟਰੀ ਦੇ ਚਾਨਣ ਵਿਚ ਉਹ ਪੰਨੇ ਪੜ੍ਹਵਾ ਕੇ ਸੁਣੇ ਗਏ ਤੇ ਖੁਸ਼ੀਆਂ ਬਖਸ਼ਦਿਆਂ ਹੁਕਮ ਕੀਤਾ ਕਿ ਇਸ ਪੁਸਤਕ ਦਾ ਸਾਰਾ ਖਰਚਾ ਅਸੀਂ ਦਿਆਂਗੇ। ਮੇਰੇ ਲਈ ਇਹ ਅਣਚਾਹੀ ਕ੍ਰਿਪਾ ਸੀ।

ਪੁਸਤਕ ਛਪਕੇ ਤਿਆਰ ਹੋ ਗਈ। ਉਸਦੇ ਛਪ ਕੇ ਜਾਣ ਤੇ ਖਰਚ ਪੱਖ ਦੀ ਪੂਰਤੀ ਹੋਣ ਦੇ ਵਿਚਕਾਰਲੇ ਸਮੇਂ ਵਿਚ ਸਤਿਗੁਰਾਂ ਵਲੋਂ ਬਖਸ਼ਿਸ਼ ਵਜੋਂ ਮੈਨੂੰ ਇਕ ਸੋਨੇ ਦਾ ਪਾਰਕਰ ਪੈਨ ਘਲਾਇਆ ਗਿਆ। ਲਿਆਉਣ ਵਾਲੇ ਨੇ ਕਿਹਾ - ਇਸ ਦੀ ਪਹੁੰਚ ਏਸੇ ਪੈਨ ਨਾਲ ਲਿਖਕੇ ਭੇਜਣੀ।

ਮੈਂ ਧੰਨਵਾਦ ਸਹਿਤ ਪਹੁੰਚ ਲਿਖੀ - ਪਰ ਆਪਣੇ ਪਹਿਲੇ ਕੁੱਝ ਆਨਿਆਂ ਵਾਲੇ ਸਾਧਾਰਨ ਪੈਨ ਨਾਲ ਹੀ। ਲਿਖਿਆ ਕਿ ਪਾਰਕਰ ਪੈਨ ਲਈ ਪਾਰਕਰ ਦੀ ਸਿਆਹੀ ਲੋੜੀਂਦੀ ਏ - ਜੋ ਮੇਰੀ ਖਰੀਦ ਸਮੱਰਥਾ ਤੋਂ ਇਸ ਵੇਲੇ ਬਾਹਰ ਹੈ।

'ਸਤਿਗੁਰੁ ਤਿਸਕਾ ਨਾਓਂ' ਪੁਸਤਕ ਨਾਲ ਵੀ ਏਸੇ ਤਰ੍ਹਾਂ ਦੀ ਇਕ ਦਿਲਚਸਪ ਕਹਾਣੀ ਜੁੜੀ ਹੋਈ ਏ। ਹੰਸਪਾਲ ਜੀ ਨੇ ਕਈ ਵਾਰ ਇੱਛਾ ਜਤਾਈ ਕਿ ਇਕ ਇਹੋ ਜਿਹੀ ਪੁਸਤਕ ਲਿਖੀ ਜਾਵੇ - ਜਿਸ ਵਿਚ ਗੁਰਬਾਣੀ ਤੇ ਗੁਰੂ ਦਾ ਸਿਧਾਂਤਕ ਪੱਖ ਉਭਰ ਕੇ ਸਾਹਮਣੇ ਆਵੇ। ਮੈਂ ਸੁਣਦਾ ਤੇ ਚੁੱਪ ਕਰ ਰਹਿੰਦਾ। ਫਿਰ ਸਤਿਗੁਰਾਂ ਨੇ ਕ੍ਰਿਪਾ ਕੀਤੀ ਤੇ ਹੌਲੀ ਹੌਲੀ ਵਿਚਾਰ ਜਾਗਣ ਲੱਗੇ, ਸਤਿਗੁਰੂ ਦੀ ਤੇ ਬਾਣੀ ਦੀ ਇਕ ਵਿਲੱਖਣ ਤਸਵੀਰ ਮੇਰੇ ਜੇਹਨ ਵਿਚ ਰੂਪਮਾਨ ਹੋਣ ਲੱਗੀ। ਮਸਾਲਾ ਇਕੱਠਾ ਕਰਨਾ ਸ਼ੁਰੂ ਕਰ ਦਿਤਾ। ਲਗਭਗ ਡੇਢ ਦੋ ਸਾਲ ਬਾਅਦ ਇਕ ਦਿਨ ਪੁਸਤਕ ਦਾ ਲੇਖਣ ਵੀ ਆਰੰਭ ਹੋ ਗਿਆ। ਹੰਸਪਾਲ ਜੀ ਨੇ ਫਿਰ ਇਕ ਦਿਨ ਸ਼ਿਕਾਇਤੀ ਲਹਿਜ਼ੇ ਵਿਚ ਕਿਹਾ - ਤੁਹਾਨੂੰ ਇਕ ਪੁਸਤਕ ਲਿਖਣ ਲਈ ਕਿਹਾ ਸੀ, ਤੁਸੀਂ ਸੁਣਦੇ ਹੀ ਨਹੀਂ। ਮੈਂ ਕਿਹਾ - "ਸ਼ੁਰੂ ਕਰ ਦਿਤੀ ਏ, ਦੋ ਚੈਪਟਰ ਲਿਖੇ ਜਾ ਚੁੱਕੇ ਨੇ।"

ਫਿਰ ਚੁਗਲੀ ਹੋ ਗਈ ਸਤਿਗੁਰਾਂ ਅੱਗੇ। ਸਤਿਗੁਰੂ ਜੀ ਕ੍ਰਿਪਾ ਕਰਕੇ ਮੇਰੇ ਨਿਵਾਸ ਤੇ ਆਏ। ਨਾਲ ਸੇਠ ਤ੍ਰਿਲੋਕ ਸਿੰਘ ਜੀ, ਹੰਸਪਾਲ ਜੀ, ਪੰਡਤ ਗੋਪਾਲ ਸਿੰਘ ਜੀ ਤੇ ਛੋਟੇ ਠਾਕਰ ਜੀ ਸਨ। ਉਹ ਦੋਵੇਂ ਚੈਪਟਰ ਸੁਣੇ ਗਏ। ਸਤਿਗੁਰਾਂ ਮਹਿਸੂਸ ਕੀਤਾ ਕਿ ਕਮਰੇ ਵਿਚ ਗਰਮੀ ਜ਼ਿਆਦਾ ਈ ਏ। ਆਪ ਨੇ ਜਾ ਕੇ ਆਸ਼ੀਰਵਾਦ ਦੇ ਨਾਲ ਨਾਲ ਕੂਲਰ ਵੀ ਭਿਜਵਾ ਦਿਤਾ।

ਪਰ ਏਧਰ ਤੇ ਪੁਸਤਕ ਵਿਚ ਮਨ ਖੁੱਭ ਜਾਣ ਕਰਕੇ ਦਵਾਖਾਨਾ ਵੀ ਬੰਦ ਹੋ ਰਿਹਾ ਸੀ ਤੇ ਰੋਟੀ ਦਾ ਸਹਿੰਸਾ ਸਾਹਮਣੇ ਖੜ੍ਹਾ ਸੀ। ਸਵਾਲ ਸੀ ਕਿ ਪੁਸਤਕ ਲਿਖਾਂ ਜਾਂ ਦਵਾਖਾਨਾ ਚਲਦਾ ਰੱਖਾਂ। ਏਸੇ ਸੋਚ ਵਿਚ ਕੂਲਰ ਵੱਲ ਧਿਆਨ ਗਿਆ। ਮੈਨੂੰ ਲੱਗਾ - ਸਤਿਗੁਰਾਂ ਨੇ ਮੇਰੀ ਸੁਤੰਤਰਤਾ ਨੂੰ ਧਿਆਨ ਵਿਚ ਰੱਖਕੇ ਹੀ ਉਹ ਵਸਤ ਭਿਜਵਾਈ ਹੈ ਜਿਸਦੀ ਮੈਨੂੰ ਲੋੜ ਕੋਈ ਨਹੀਂ। ਮੈਂ ਕੂਲਰ ਹਜਾਰ ਰੁਪਏ ਵਿਚ ਵੇਚ ਦਿਤਾ ਤੇ ਪੁਸਤਕ ਦੇ ਕੰਮ ਵਿਚ ਜੁਟਿਆ ਰਿਹਾ। ਪਰ ਹਜਾਰ ਰੁਪਇਆ ਕਿੰਨੇ ਦਿਨ ਚਲਣਾ ਸੀ ? ਸ਼ੁਰੂਆਤ ਹੋ ਹੀ ਚੁੱਕੀ ਸੀ ਸੋ ਘਰ ਦੀਆਂ ਬਾਕੀ ਚੀਜ਼ਾਂ ਦੀ ਵਾਰੀ ਲਗ ਗਈ। ਰੇਡੀਓ, ਟੀ.ਵੀ., ਤਵਿਆਂ ਵਾਲਾ ਵਾਜਾ, ਫ੍ਰਿਜ ਤੇ ਅਤਿ ਲੋੜ ਦੇ ਰੱਖਕੇ ਬਾਕੀ ਦੇ ਭਾਂਡੇ ਵੀ ਵੇਚ ਦਿਤੇ। ਨਾ ਸ਼ਿਕਾਇਤ ਸੀ ਨਾ ਸ਼ਿਕਵਾ। ਸ਼ਬਦਕਾਰੀ ਦੇ ਆਨੰਦ ਵਿਚ ਸਾਂ - ਇਕ ਰਚਨਾਕਾਰ ਦੇ, ਕਰਤਾ ਪੁਰਖ ਵਾਲੇ ਆਨੰਦ ਵਿਚ। ਇਹ ਆਨੰਦ ਉਹ ਸੀ ਜਿਸ ਲਈ ਕੋਈ ਵੀ ਕੀਮਤ ਥੋੜ੍ਹੀ ਲਗਦੀ ਸੀ। ਪੁਸਤਕ ਤਿਆਰ ਹੋ ਗਈ। ਛਪ ਵੀ ਗਈ। ਆਪਣੀ ਕਲਮ ਦੀ ਘਾਲ ਥਾਂਏਂ ਪਈ। ਦਰ ਪਰਵਾਨ ਹੋਈ। ਸਤਿਗੁਰਾਂ ਵਲੋਂ ਖੁਸ਼ੀਆਂ ਤੇ ਆਨੰਦ ਦੀ ਬਖਸ਼ਿਸ਼ ਹੋਈ। ਮੇਰੇ ਲਈ ਇਹ ਸਭ, ਮੇਰੀ ਸਾਰਥਕਤਾ ਦਾ ਲਖਾਇਕ ਸੀ। ਮੇਰੇ ਵਿਕੇ ਸਾਮਾਨ ਦੀ ਥਾਂ ਨਵਾਂ ਤੇ ਉਸ ਤੋਂ ਵਧੀਆ ਸਾਮਾਨ ਵੀ ਆ ਗਿਆ। ਕੁੱਝ ਸਮੇਂ ਬਾਅਦ ਦਵਾਖਾਨਾ ਮੈਂ ਆਪ ਹੀ ਬੰਦ ਕਰ ਦਿਤਾ। ਘਰ ਪਹਿਲਾਂ ਨਾਲੋਂ ਚੰਗਾ ਮਿਲ ਗਿਆ। ਸੁੱਖ ਸੁਵਿਧਾ ਵਿਚ ਵਾਧਾ ਹੋਇਆ ਹੈ। ਇਹ ਲੋਕ ਸੁਖੀ ਪਰਲੋਕ ਸੁਹੇਲੇ ਵਾਲੀ ਸਥਿਤੀ ਸਤਿਗੁਰੂ ਦੀ ਕ੍ਰਿਪਾ ਸਦਕਾ ਹੀ ਹੈ।

ਅਸੀਂ ਸਭ ਲੇਖਕ ਮਿੱਤਰ ਇਸ ਵੇਲੇ ਮਿਲ ਬੈਠੇ ਹਾਂ। ਆਪ ਨਾਲ ਸਾਂਝਾ ਕਰਨ ਵਾਲਾ ਇਕ ਵਿਚਾਰ ਮਨ ਵਿਚੋਂ ਉਠ ਰਿਹਾ ਹੈ। ਆਮ ਤੌਰ ਤੇ ਸਾਡੇ ਵਿਚਕਾਰ ਨਾਮਧਾਰੀ ਸਾਹਿਤਕਾਰ ਜਾਂ ਸਾਹਿਤਕਾਰੀ ਓਸੇ ਨੂੰ ਮੰਨਿਆ ਜਾਂਦਾ ਹੈ, ਜਿਸ ਦਾ ਸਬੰਧ ਨਾਮਧਾਰੀ ਸਮਾਜ ਦੀ ਸੋਚ, ਆਸਥਾ ਤੇ ਰੀਤੀ ਰਿਵਾਜ ਤਕ ਹੀ ਸੀਮਤ ਹੋਵੇ। ਪਰ ਮੈਂ ਸਮਝਦਾ ਹਾਂ ਕਿ ਸੰਗੀਤ ਤੇ ਖੇਡਾਂ ਵਾਂਗ ਹੀ ਅਸੀਂ ਇਸਦਾ ਦਾਇਰਾ ਖੁਲ੍ਹਾ ਕਰਕੇ ਅੱਜ ਦੀ ਤੇਜ਼ੀ ਨਾਲ ਬਦਲ ਰਹੀ ਦੁਨੀਆਂ ਵਿਚ ਆਪਣੀ ਥਾਂ ਬਣਾਈਏ। ਬੇਸ਼ੱਕ ਸਾਡੇ ਵਿਚੋਂ ਕੁੱਝ ਇਕ ਨੇ ਆਪਣੇ ਆਪ ਨੂੰ ਸਾਹਿਤ ਦੇ ਵਿਸ਼ਾਲ ਪਿੜ ਵਿਚ ਸੰਮਲਿਤ ਕੀਤਾ - ਜਿਵੇਂ ਬੂਟਾ ਸਿੰਘ ਐਮ.ਏ., ਪ੍ਰੀਤਮ ਸਿੰਘ ਜੀ ਪੰਛੀ ਤੇ ਅਮਰ ਭਾਰਤੀ ਅਖਵਾਣ ਵਾਲੇ ਇਸ ਵਕਤਾ ਨੇ। ਹੰਸਪਾਲ ਜੀ ਦੇ ਉਦੱਮ ਨਾਲ ਬੈਂਕੋਕ ਵਿਚ ਪੰਜਾਬੀ ਸਾਹਿਤ ਤੇ ਸੰਸਕ੍ਰਿਤੀ ਨਾਲ ਸਬੰਧਤ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਵੀ ਹੋਈ, ਜਿਸ ਵਿਚ ਹਰ ਵਿਚਾਰ ਦੇ ਲੇਖਕਾਂ, ਕਲਾਕਾਰਾਂ ਤੇ ਸੰਸਕ੍ਰਿਤੀ ਕਰਮੀਆਂ ਨੇ ਹਿੱਸਾ ਲਿਆ। ਪਰ ਸੱਚ ਇਹ ਵੀ ਹੈ ਕਿ ਉਸ ਕਾਨਫਰੰਸ ਵਿਚ ਸਾਡਾ ਹਿੱਸਾ - ਮੁੱਖ ਰੂਪ ਵਿਚ ਪ੍ਰਬੰਧਕ ਦਾ ਹੀ ਰਿਹਾ। ਬਾਕੀ ਪੱਖਾਂ ਵਲੋਂ ਅਸੀਂ ਸਰੋਤੇ ਜਾਂ ਦਰਸ਼ਕ ਹੀ ਸਾਂ।

ਆਪ ਸਭ ਕਲਾਕਾਰਾਂ ਨਾਲ ਰਲਕੇ ਅੱਜ ਏਥੇ ਸੇਠ ਜੀ ਦੀਆਂ ਖੁਸ਼ੀਆਂ ਹਾਸਲ ਕਰ ਰਹੇ ਹਾਂ। ਇਸ ਸਾਰੇ ਮਾਨ-ਸਨਮਾਨ ਲਈ ਧੰਨਵਾਦ ।

– ਜਸਵਿੰਦਰ ਸਿੰਘ ਹਿਸਟੋਰੀਅਨ

# ਦੁਖਦਾਈ ਖਬਰ – ਅਮਰ ਭਾਰਤੀ ਨਹੀਂ ਰਹੇ

14 ਅਪ੍ਰੈਲ, 2004 ਨੂੰ ਸਵੇਰੇ ਸਵੇਰੇ ਮੇਰਾ ਮੋਬਾਈਲ ਫੋਨ ਖੜਕ ਉਠਿਆ। ਫੋਨ ਦਿੱਲੀ ਤੋਂ ਮੇਰੀ ਬੇਟੀ ਬਲਜੀਤ ਕੌਰ ਦਾ ਸੀ। ਸੋਚਿਆ ਕੋਈ ਕੰਮ ਹੋਣਾ ਹੈ ਪਰ ਜੋ ਖਬਰ ਮੈਨੂੰ ਮੇਰੀ ਬੇਟੀ ਨੇ ਸੁਣਾਈ, ਮੈਂ ਕਾਫੀ ਸਮਾਂ ਸਕਤੇ ਦੀ ਹਾਲਤ ਵਿਚ ਰਿਹਾ। ਖਬਰ ਸੀ ਕਿ ਫੋਨ ਆਇਆ ਹੈ ਅਮਰ ਭਾਰਤੀ ਜੀ ਨਹੀਂ ਰਹੇ।

6 ਅਪ੍ਰੈਲ ਨੂੰ ਸ੍ਰੀ ਭੈਣੀ ਸਾਹਿਬ ਤੋਂ ਦਿੱਲੀ ਆਉਣ ਲੱਗਿਆਂ ਗਿਆਨ ਮਾਰਤੰਡ ਪੰਡਤ ਗੋਪਾਲ ਸਿੰਘ ਜੀ ਨੂੰ ਮਿਲਣ ਗਿਆ ਸਾਂ ਅਤੇ ਉਹਨਾਂ ਨੂੰ ਮੈਂ ਭਾਰਤੀ ਜੀ ਦੀ ਸਤਿ ਸ੍ਰੀ ਅਕਾਲ ਪਹੁੰਚਾਈ ਅਤੇ ਦੱਸਿਆ ਕਿ ਭਾਰਤੀ ਜੀ ਨੂੰ ਪੇਟ 'ਚ ਇਨਫੈਕਸ਼ਨ ਹੈ ਅਤੇ ਹੋਲੇ ਤੋਂ ਜਾਣ ਤੋਂ ਬਾਅਦ ਹੀ ਭਾਰਤੀ ਜੀ ਕਾਫੀ ਸਮਾਂ ਬੁਖਾਰ ਨਾਲ ਪਏ ਰਹੇ ਸਨ। ਪੰਡਤ ਜੀ ਨੇ ਭਾਰਤੀ ਜੀ ਦੇ ਸਿਹਤਯਾਬ ਦੀ ਕਾਮਨਾ ਕੀਤੀ ਅਤੇ ਅੱਗੇ ਵਾਂਗੂ ਹੀ ਮੈਨੂੰ ਉਹਨਾਂ ਦੀ ਵੀ ਸਤਿ ਸ੍ਰੀ ਅਕਾਲ ਭਾਰਤੀ ਜੀ ਨੂੰ ਪਹੁੰਚਾਉਣ ਦੀ ਤਾਕੀਦ ਕੀਤੀ।

ਪੰਡਤ ਜੀ ਅਤੇ ਭਾਰਤੀ ਜੀ ਦਾ ਆਪਸ ਵਿਚ ਗੂੜਾ ਪਿਆਰ ਅਤੇ ਸਤਿਕਾਰ ਰਿਹਾ ਹੈ। ਮੈਂ ਦਿੱਲੀ ਜਦੋਂ ਵੀ ਭਾਰਤੀ ਜੀ ਨੂੰ ਉਹਨਾਂ ਦੇ ਘਰ ਮਿਲਦਾ ਸਾਂ, ਉਹ ਪੰਡਤ ਜੀ ਬਾਰੇ ਜ਼ਰੂਰ ਪੁੱਛਦੇ ਹੁੰਦੇ ਸਨ ਅਤੇ ਮੈਨੂੰ ਕਹਿਣਾ, ਮੇਰੀ ਉਹਨਾਂ ਨੂੰ ਸਤਿ ਸ੍ਰੀ ਅਕਾਲ ਬੁਲਾ ਦੇਣੀ। ਜਦੋਂ ਮੈਂ ਪੰਡਤ ਜੀ ਪਾਸ ਜਾਂਦਾ ਅਤੇ ਉਹਨਾਂ ਨੂੰ ਭਾਰਤੀ ਜੀ ਦੀ ਸਤਿ ਸ੍ਰੀ ਅਕਾਲ ਬੁਲਾਉਣੀ ਤਾਂ ਪੰਡਤ ਜੀ ਨੇ ਵੀ ਭਾਰਤੀ ਜੀ ਨੂੰ ਮੋੜਵੀਂ ਸਤਿ ਸ੍ਰੀ ਅਕਾਲ ਭੇਜ ਦੇਣੀ ਅਤੇ ਉਹਨਾਂ ਦੀ ਸ਼ੋਭਾ ਕਰਨੀ। ਦੋਹਾਂ ਵਿਦਵਾਨਾਂ ਵਿਚਕਾਰ ਸਤਿ ਸ੍ਰੀ ਅਕਾਲ ਦਾ ਸੰਪਰਕ ਜ਼ਰੀਆ ਮੈਂ ਬਣਿਆ ਹੋਇਆ ਸਾਂ। ਭਾਰਤੀ ਜੀ ਨੇ ਤਾਂ ਮੈਨੂੰ ਕਹਿ ਹੀ ਛੱਡਿਆ ਸੀ ਕਿ ਅਗਰ ਕਿਸੇ ਸਮੇਂ ਤੁਸੀਂ ਮੈਨੂੰ ਮਿਲੇ ਬਿਨਾ ਵੀ ਸ੍ਰੀ ਭੈਣੀ ਸਾਹਿਬ ਚਲੇ ਜਾਓ ਤਾਂ ਵੀ ਤੁਸੀਂ ਮੇਰੀ ਵਲੋਂ ਪੰਡਤ ਜੀ ਨੂੰ ਸਤਿ ਸ੍ਰੀ ਅਕਾਲ ਜ਼ਰੂਰ ਕਰ ਦਿਆ ਕਰੋ। ਸਤਿ ਸ੍ਰੀ ਅਕਾਲ ਦੇ ਪ੍ਰਵਾਨੇ ਨੂੰ ਲੈ ਕੇ ਮੈਂ ਦਿੱਲੀ ਗਿਆ ਅਤੇ ਭਾਰਤੀ ਜੀ ਨੂੰ ਫੋਨ ਤੇ ਪੰਡਤ ਜੀ ਦੀ ਸਤਿ ਸ੍ਰੀ ਅਕਾਲ ਕੀਤੀ। ਸਿਹਤ ਦਾ ਹਾਲਚਾਲ ਪੁੱਛਿਆ। ਉਨ੍ਹਾਂ ਦੱਸਿਆ ਕਿ ਇਨਸਟੀਚਿਊਟ ਆਫ ਮੈਡੀਕਲ ਸਾਇੰਸ ਵਿਚ ਚੈਕਅਪ ਕਰਵਾਇਆ ਹੈ। ਯਕੀਨ ਹੀ ਨਹੀਂ ਆਉਂਦਾ ਕਿ ਅੱਜ ਭਾਰਤੀ ਜੀ ਸਾਡੇ ਵਿਚੋਂ ਚਲੇ ਗਏ ਹਨ।

ਭਾਰਤੀ ਜੀ ਕਲਮ ਦੇ ਧਨੀ ਸਨ, ਜੋ ਕੁੱਝ ਵੀ ਲਿਖਣਾ ਹੋਵੇ ਅਤੇ ਜਿਨ੍ਹਾਂ ਨੂੰ ਵੀ ਲਿਖਣਾ ਹੋਵੇ, ਬੜੇ ਹੀ ਗਹਿਰੇ ਅਤੇ ਸੂਝਵਾਨ ਅੰਦਾਜ਼ ਵਿਚ ਉਹਨਾਂ ਦੀ ਕਲਮ ਚਲਦੀ। ਸਾਹਿਤਕ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਹਨ ਉਨ੍ਹਾਂ ਦੀਆਂ। ਇਸ ਖੇਤਰ ਵਿਚ ਉਹ ਮੁੱਢਲੀ ਕਤਾਰ ਵਿਚ ਸਦਾ ਨਜ਼ਰ ਆਉਂਦੇ ਸਨ। ਨਾਮਧਾਰੀ ਖੇਤਰ ਵਿਚ ਵੀ ਉਹਨਾਂ ਦੀ ਨਵੇਕਲੀ ਪਛਾਣ ਰਹੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਰਦ ਹਸਤ ਸਦਾ ਉਹਨਾਂ ਉਤੇ ਰਿਹਾ।

ਨਾਮਧਾਰੀ ਸਮਾਜ ਦੇ ਵਿਦਵਾਨਾਂ ਦਾ ਤੁਰੀ ਜਾਣਾ ਬਾ–ਦਸਤੂਰ ਜਾਰੀ ਹੈ। ਮਾਸਟਰ ਨਿਹਾਲ ਸਿੰਘ ਜੀ, ਪ੍ਰੀਤਮ ਸਿੰਘ ਜੀ ਕਵੀ, ਸਨਖਤਰਾ ਜੀ, ਪੰਡਤ ਰਾਜਿੰਦਰ ਸਿੰਘ ਜੀ, ਬੀਬੀ ਬੇਅੰਤ ਕੌਰ ਅਤੇ ਕਵੀਸ਼ਰ ਜੀਵਨ ਸਿੰਘ ਜੀ ਤੁਰ ਗਏ ਅਤੇ ਹੁਣ ਸ੍ਰੀ ਅਮਰ ਭਾਰਤੀ ਜੀ ਵੀ ਸਾਡੇ ਵਿਚ ਨਹੀਂ ਰਹੇ। ਨਾਮਧਾਰੀ ਸਮਾਜ ਵਿਚ ਸੁਘੜ ਵਿਦਵਾਨਾਂ ਦਾ ਘਾਟਾ ਪਿਆ ਹੈ ਜੋ ਸ਼ਾਇਦ ਹੀ ਪੂਰਿਆ ਜਾ ਸਕੇ। ਸਾਡੇ ਲਈ ਤਾਂ ਇਹ ਹੋਰ ਵੀ ਸਦਮੇ ਵਾਲੀ ਗੱਲ ਹੈ। ਆਪਸ ਵਿਚ ਵਿਚਾਰਾਂ ਕਰਨ ਦੇ ਮੇਰੇ ਨਾਲ ਵਿਦਵਾਨ ਹੁੰਦੇ ਸਨ – ਪੰਡਤ ਰਾਜਿੰਦਰ ਸਿੰਘ ਜੀ, ਮਾਸਟਰ ਨਿਹਾਲ ਸਿੰਘ ਜੀ, ਕਵੀ ਜੀ, ਬੀਬੀ ਬੇਅੰਤ ਕੌਰ ਅਤੇ ਇਹਨਾਂ ਸਾਰਿਆਂ ਦੇ ਚਲੇ ਜਾਣ ਤੋਂ ਬਾਅਦ ਮੈਂ ਕਿੰਨਾ ਕਿੰਨਾ ਚਿਰ ਭਾਰਤੀ ਜੀ ਪਾਸ ਉਹਨਾਂ ਦੇ ਘਰ ਬੈਠਿਆਂ ਵਿਚਾਰਾਂ ਕਰਦੇ ਰਹਿਣਾ। ਅਧਿਆਤਮ ਅਤੇ ਰਹਿਸਵਾਦ ਦੇ ਮੁਰੀਦ ਡਾ. ਮਨਜੀਤ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਦਾ ਭਾਰਤੀ ਜੀ ਦੇ ਘਰ ਇਕੱਠਿਆਂ ਹੋਣਾ ਅਤੇ ਵਿਚਾਰ ਵਟਾਂਦਰੇ ਹੋਣੇ। ਉਸ ਮਹਿਫਿਲ ਵਾਲੇ ਵਾਤਾਵਰਨ ਨੂੰ ਭਾਰਤੀ ਜੀ ਖਾਲੀ ਛੱਡ ਗਏ ਹਨ। ਨਿਸਚੇ ਹੀ ਸਾਹਿਤਕ ਜਗਤ ਅਤੇ ਨਾਮਧਾਰੀ ਸਮਾਜ ਨੂੰ ਵੱਡੀ ਘਾਟ ਪਈ ਹੈ।

ਸਾਡੇ ਬਜ਼ੁਰਗ ਲਾਇਲਪੁਰ 1187 ਚੱਕ ਦੇ ਸਨ। ਬੋਲੀ ਵਿਚ ਪਿਤਾ ਜੀ 18 ਚੱਕ ਹੀ ਬੋਲਦੇ ਹੁੰਦੇ ਸਨ ਅਤੇ ਉਥੇ ਉਨ੍ਹਾਂ ਦਾ ਕਾਰਖਾਨਾ ਸੀ ਅਤੇ ਉਸ ਕੰਮ ਲਈ ਸ਼ਹਿਰ ਲਾਇਲਪੁਰ ਆਉਣਾ ਜਾਣਾ ਹੁੰਦਾ ਸੀ। ਸੰਤ ਮੰਗਲ ਸਿੰਘ ਜੀ ਨੂੰ ਮੇਰੇ ਪਿਤਾ ਜੀ ਉਦੋਂ ਦੇ ਜਾਣਦੇ ਸਨ ਜਦੋਂ ਮੰਗਲ ਸਿੰਘ ਲਾਇਲਪੁਰੀ ਸਾਈਕਲ ਦੇ ਪਿੱਛੇ ਕਪੜਿਆਂ ਦੇ ਥਾਨ ਬੰਨ੍ਹਕੇ ਬਜ਼ਾਜ਼ੀ ਦੇ ਕੰਮ ਲਈ ਪਿੰਡਾਂ ਵਿਚ ਜਾਇਆ ਕਰਦੇ ਸਨ। ਭਾਰਤੀ ਜੀ ਉਹਨਾਂ ਦੇ ਛੋਟੇ ਭਰਾ ਸਨ ਅਤੇ ਇਹਨਾਂ ਸਾਰਿਆਂ ਨੂੰ ਕਲਮ ਦੀ ਜੋ ਰੁਚੀ ਸੀ, ਉਹ ਹੁਣ ਤਕ ਇਸ ਪ੍ਰਵਾਰ ਵਿਚ ਚਲੀ ਆਉਂਦੀ ਹੈ। ਐਸ.ਐਸ.ਮਨਧੀਰ ਅਤੇ ਸਰਬ ਸ਼ਕਤੀਮਾਨ ਉਸੇ ਕੜੀ ਦੇ ਵਰਤਮਾਨ ਹਨ।

ਮੈਂ ਭਾਰਤੀ ਜੀ ਨੂੰ ਪਹਿਲੀ ਵਾਰੀ ਹਰੀ ਨਗਰ ਘੰਟਾਘਰ ਵਾਲੇ ਮਕਾਨ ਤੇ ਮਿਲਿਆ ਸਾਂ। ਇਹਨਾਂ ਦੇ ਨਾਲ ਦਾ ਮਕਾਨ ਮੇਰੇ ਦਫਤਰ ਵਿਚ ਕੰਮ ਕਰਨ ਵਾਲੇ ਮਿੱਤਰ ਮੋਹਨ ਸਿੰਘ ਧਾਮੀ ਦਾ ਸੀ। ਉਸੇ ਨੇ ਮੈਨੂੰ ਭਾਰਤੀ ਜੀ ਨਾਲ ਮਿਲਾਇਆ ਸੀ। ਉਹਨੀਂ ਦਿਨੀਂ ਇੰਦਰ ਸਿੰਘ ਚਕ੍ਰਵਰਤੀ ਜੀ ਚੜ੍ਹਾਈ ਕਰ ਗਏ ਸਨ ਅਤੇ ਉਹਨਾਂ ਬਾਰੇ ਇਕ ਵਿਵਾਦਾਸਪਦ ਲੇਖ ਭਾਰਤੀ ਜੀ ਨੇ ਲਿਖਿਆ ਸੀ। ਉਸੇ ਬਾਰੇ ਸਾਡਾ ਵਿਚਾਰ ਵਟਾਂਦਰਾ ਹੋਇਆ ਸੀ। ਫੇਰ ਤਾਂ ਸਾਡੀਆਂ ਸਾਹਿਤਕ ਤੇ ਧਾਰਮਕ ਵਿਚਾਰਾਂ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ।

ਭਾਰਤੀ ਜੀ ਪ੍ਰਭਾਵਸ਼ਾਲੀ ਲੇਖਣੀ ਦੇ ਮਾਲਕ ਸਨ। ਆਪਣੇ ਹਰ ਤਰ੍ਹਾਂ ਦੇ ਵਿਚਾਰਾਂ ਨੂੰ ਬੜੀ ਹੀ ਖੂਬਸੂਰਤੀ ਨਾਲ ਲਿਖਦੇ ਸਨ, ਜਿਸਨੂੰ ਹਰ ਵਰਗ ਪਸੰਦ ਕਰਦਾ। ਖਾਸਕਰ

– ਮਾਸਟਰ ਅਮਰੀਕ ਸਿੰਘ

# ਕੀਹ ਪਤਾ ਸੀ ?

ਕੀ ਪਤਾ ਸੀ ਭਾਰਤੀ ਜੀ ਦਾ ਮੁੜਕੇ ਦਰਸ਼ਨ ਨਹੀਂ ਹੋ ਸਕਣਾਂ। ਐਤਕੀਂ ਹੋਲੇ ਦਾ ਭੋਗ ਪੈਂਦੇ ਸਾਰ ਹੀ ਹੋਲੇ ਦੇ ਚਾਰ ਦਿਨ ਬਿਤਾਇਆਂ ਦੀ ਮਸਤੀ ਨਾਲ ਮਖਮੂਰ ਹੋਇਆ ਮੈਂ ਸ੍ਰੀ ਪ੍ਰਤਾਪ ਮੰਦਰ ਦੇ ਅੱਗੋਂ ਦੀ ਸੰਗਤ ਨੂੰ ਪਿੱਛੇ ਛੱਡਦਾ ਹੋਇਆ ਜਦੋਂ ਸਤਿਜੁਗ ਤੇ ਵਰਿਆਮ ਦੇ ਸਟਾਲਾਂ ਦੇ ਅੱਗੋਂ ਦੀ ਲੰਘਿਆ ਤਾਂ ਵਰਿਆਮ ਸਟਾਲ ਵਿਚ ਸ੍ਰੀ ਭਾਰਤੀ ਜੀ ਤੇ ਸ੍ਰੀ ਜਗਦੀਸ਼ ਜੀ ਕੁਰਸੀਆਂ ਤੇ ਬੈਠੇ ਗੱਲਾਂ ਬਾਤਾਂ ਮਾਰ ਰਹੇ ਸਨ। ਮੈਂ ਉਹਨਾਂ ਦੇ ਇਸ ਵਾਰਤਾਲਾਪ ਦਾ ਸੁਆਦ ਮਾਣਨ ਲਈ ਉਧਰ ਨੂੰ ਉਲੱਰ ਗਿਆ। ਭਾਰਤੀ ਜੀ ਸੱਚੇ ਪਾਤਸ਼ਾਹ ਜੀ ਤੋਂ ਤਾਜ਼ਾ ਤਾਜ਼ਾ ਸਨਮਾਨ ਅਤੇ 'ਸਾਹਿਤ ਮਾਰਤੰਡ' ਦੀ ਉਪਾਧੀ ਲੈਣ ਦੀ ਖੁਸ਼ੀ ਵਿਚ ਮਖ਼ਮੂਰ ਬੈਠੇ ਆਪਣੇ ਵੱਖਰੇ ਅੰਦਾਜ਼ ਦੀ ਮੁਸਕਾਣ ਨਾਲ ਸਾਨੂੰ ਵੀ ਮਸਤੀ ਨਾਲ ਲਬਰੇਜ਼ ਕਰ ਰਹੇ ਸਨ। ਕੁੱਝ ਚਿਰ ਮੈਂ ਬੈਠਿਆਂ ਤੇ ਏਸ ਜੋੜੀ ਵੱਲ ਪਿਆਰ ਭਰੀਆਂ ਨਜ਼ਰਾਂ ਨਾਲ ਤੱਕ ਕੇ ਇਹਨਾਂ ਦੀ ਖੁਸ਼ੀ ਤੇ ਮਸਤੀ ਤੋਂ ਲੁਤਫ਼-ਅੰਦੋਜ਼ ਹੁੰਦਾ ਰਿਹਾ। ਕਾਸ਼ ! ਮੈਂ ਏਸ ਤਰ੍ਹਾਂ ਹੀ ਭਾਰਤੀ ਜੀ ਨੂੰ ਨਿਹਾਰਦਾ ਰਹਿੰਦਾ।

ਘਰ ਜਾਣ ਦੀ ਕਾਹਲ ਨੇ ਮੈਨੂੰ ਉਥੋਂ ਉਠਣ ਲਈ ਮਜ਼ਬੂਰ ਕਰ ਦਿਤਾ। ਅਣਮੰਨੇ ਮਨ ਨਾਲ ਆਪਣਾ ਇਹ ਸ਼ੇਅਰ ਪੜ੍ਹਦਾ ਹੋਇਆ ਤੁਰ ਪਿਆ :

ਮਹਿਫ਼ਲਾਂ ਤਾਂ ਸਜਦੀਆਂ ਹੀ ਰਹਿਣੀਆਂ।
ਇਕ ਸਿਰਫ ਅਮਰੀਕ ਨੇ ਹੋਣਾ ਨਹੀਂ।

ਹਰੀ ਮੰਦਰ ਤਕ ਪਿਛਾਂਹ ਪਰਤ ਕੇ ਮੈਂ ਕਈ ਵਾਰ ਮਿੱਤਰ ਪਿਆਰੇ ਨੂੰ ਵੇਖਿਆ ਤੇ ਆਖਰ ਉਹ ਮੇਰੀਆਂ ਨਜ਼ਰਾਂ ਤੋਂ ਦੂਰ ਹੋ ਗਿਆ, ਪਰ ਨਹੀਂ ਮੈਂ ਹੀ ਉਹਨਾਂ ਤੋਂ ਦੂਰ ਹੋ ਗਿਆ।

ਮੈਨੂੰ ਕੀ ਪਤਾ ਸੀ, ਇਹ ਸ਼ੇਅਰ ਕਿਸ ਭਵਿੱਖਬਾਣੀ ਦੀ ਤਾਬੀਰ ਬਣ ਜਾਣਾ ਹੈ। ਅਜੇ ਕੁੱਝ ਦਿਨ ਹੀ ਹੋਏ 'ਸਤਿਜੁਗ' ਵਿਚ ਰੰਗੀਨ ਤਸਵੀਰਾਂ ਵਿਚ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਤੋਂ ਸਨਮਾਨ ਲੈਂਦੇ ਹੋਇਆਂ ਦੀ ਸ੍ਰੀ ਹੰਸਪਾਲ ਜੀ ਨਾਲ ਤਸਵੀਰ ਵੇਖ ਕੇ ਮੇਰੀਆਂ ਅੱਖਾਂ ਚੁੰਧਿਆ ਗਈਆਂ ਸਨ। ਮੈਂ ਮਨ ਵਿਚ ਧਾਰ ਲਿਆ ਸੀ ਕਿ ਇਹ ਤਸਵੀਰ ਫਰੇਮ ਕਰਕੇ ਆਪਣੇ ਕਮਰੇ ਵਿਚ ਲਾਵਾਂਗਾ। ਫੋਟੋ ਗ੍ਰਾਫਰ ਦੀ ਏਸ ਸ਼ਾਹਕਾਰ ਫੋਟੋ ਨੂੰ ਮੈਂ ਕਈ ਵਾਰ ਸਲਾਹਿਆ ਸੀ ਤੇ ਪਰਸੋਂ 'ਪੰਜਾਬੀ ਟ੍ਰਿਬਿਊਨ' ਵਿਚ ਜਦੋਂ ਪੜ੍ਹਿਆ 'ਸ੍ਰੀ ਅਮਰ ਭਾਰਤੀ ਜੀ ਨਹੀਂ ਰਹੇ' ਤਾਂ ਗਮਾਂ ਦੇ ਪਹਾੜ ਜਿਵੇਂ ਟੁੱਟ ਗਏ। ਹੰਝੂਆਂ ਦੀ ਨਦੀ ਜਿਵੇਂ ਅੱਖਾਂ ਚੋਂ ਵਹਿ ਤੁਰੀ, ਇਹ ਕੀਹ ਬਣਿਆ ? ਇਹ ਕੀਹ ਹੋਇਆ ? ਮੈਂ ਆਪਣੇ ਆਪ ਤੋਂ ਪੁੱਛ ਰਿਹਾ ਸਾਂ ਤੇ ਮੇਰੇ ਮੂੰਹੋਂ ਫੇਰ ਇਹ ਨਿਕਲਿਆ – ਕੀ ਪਤਾ ਸੀ ਇਹ ਭਾਰਤੀ ਜੀ ਦੇ ਦਰਸ਼ਨ ਮੈਂ ਫੇਰ ਨਹੀਂ ਕਰ ਸਕਣੇ ? ਕਾਸ਼ ਮੈਂ ਭਾਰਤੀ ਜੀ ਨੂੰ ਉਸ ਦਿਨ ਏਸ ਤਰ੍ਹਾਂ ਹੀ ਕੁੱਝ ਚਿਰ ਹੋਰ ਵੇਖਦਾ ਰਹਿੰਦਾ, ਪਰ ਕੀ ਪਤਾ ਸੀ।

ਇਸ ਸਾਹਿਤ ਦੇ ਸੂਰਜ ਨੇ ਇਤਨੀ ਛੇਤੀ ਸਾਡੀਆਂ ਅੱਖਾਂ ਅੱਗੋਂ ਓਹਲੇ ਹੋ ਜਾਣਾ ਏ ? ਕੀ ਪਤਾ ਸੀ ਉਸ ਮਹਾਨ ਸ਼ਖਸੀਅਤ ਨੂੰ ਨਹੀਂ ਵੇਖ ਸਕਣਾਂ ਜਿਸਦੀ ਕਦਰ ਸੱਚੇ ਪਾਤਸ਼ਾਹ ਤੋਂ ਬਗੈਰ ਏਸ ਬੇਕਦਰੀ ਦੁਨੀਆਂ ਨੇ ਨਹੀਂ ਪਾਈ। ਏਸ 'ਕੀ ਪਤਾ ਸੀ' ਦਾ ਜੁਆਬ ਮੇਰੀ ਇਹ ਨਿਗੂਣੀ ਕਲਮ ਕਿਵੇਂ ਦੇ ਸਕਦੀ ਹੈ ? ਸਿਵਾਏ ਇਹਨਾਂ ਸ਼ੇਅਰਾਂ ਦੇ –

ਅਮਰ ਭਾਰਤੀ ਵੀ ਤੁਰ ਗਏ ਨੇ, ਕੀ ਇਸ ਜੱਗ ਵਿਚ ਰਹਿਣਾ,
ਖੋਹ ਲੀਤਾ ਹੈ ਮੌਤ ਨੇ ਸਾਥੋਂ, ਬਹੁਤ ਕੀਮਤੀ ਗਹਿਣਾ।

ਇਸ ਸੰਸਾਰ ਤੇ ਅਮਰ ਭਾਰਤੀ ਵਰਗੇ ਘੱਟ ਹੀ ਆਉਂਦੇ,
ਆਪ ਮੁਨੱਵਰ ਹੋਵਨ ਨਾਲੇ ਚੌਗਿਰਦਾ ਰੁਸ਼ਨਾਉਂਦੇ।

---

'ਨਵਾਂ ਹਿੰਦੁਸਤਾਨ' ਵਿਚ ਉਹਨਾਂ ਦੇ ਸੰਪਾਦਕੀ ਅਤੇ ਪੰਜਾਬ ਰਾਜਨੀਤੀ ਤੇ ਵਿਸ਼ੇਸ਼ ਲੇਖ ਅੱਜ ਵੀ ਹਾਲਾਤ ਅਨੁਸਾਰ ਸਾਰਥਕ ਨਜ਼ਰੀਂ ਪੈਂਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਵਿਦਵਾਨਾਂ ਦੇ ਸਿਰ ਤੇ ਮਿਹਰ ਦਾ ਵਿਸ਼ੇਸ਼ ਹੱਥ ਰੱਖਦੇ ਹਨ ਅਤੇ ਭਾਰਤੀ ਜੀ ਨਾਲ ਸਤਿਗੁਰੂ ਜੀ ਦਾ ਬਹੁਤ ਸਨੇਹ ਸੀ। ਸਤਿਗੁਰੂ ਜੀ ਹਰੀ ਨਗਰ ਉਹਨਾਂ ਦੇ ਘਰ ਵੀ ਜਾਂਦੇ ਸਨ। ਭਾਰਤੀ ਜੀ ਨੂੰ ਪਹਿਲਾਂ ਜਦੋਂ ਦਿਲ ਦਾ ਗੰਭੀਰ ਦੌਰਾ ਪਿਆ ਤਾਂ ਉਸ ਤੋਂ ਬਾਅਦ ਮੈਨੂੰ ਉਹਨਾਂ ਦੇ ਵਿਚਾਰਾਂ ਵਿਚ ਕਈ ਤਰ੍ਹਾਂ ਦੀ 'ਤਬਦੀਲੀ' ਵੇਖਣ ਵਿਚ ਆਈ। ਸਤਿਗੁਰੂ ਜੀ ਨੇ ਵੀ ਐਸੇ ਸਮੇਂ ਹਰ ਤਰ੍ਹਾਂ ਨਾਲ ਆਪਣੇ ਸੇਵਕ ਦੀ ਸਹਾਇਤਾ ਕੀਤੀ ਅਤੇ ਸਾਧਨ ਮੁਹੱਈਆ ਕਰਵਾਏ। ਇਹ ਸਭ ਭਾਰਤੀ ਜੀ ਦੇ ਅੰਦਰ ਜੋ ਵਿਦਵਤਾ ਭਰੀ ਹੋਈ ਸੀ, ਉਸਨੂੰ ਕਾਇਮ ਰੱਖਣ ਲਈ ਹੀ ਸੀ।

ਅੱਜ ਭਾਰਤੀ ਜੀ ਸਾਡੇ ਵਿਚ ਨਹੀਂ ਰਹੇ। ਨਾਮਧਾਰੀ ਸਮਾਜ ਵਿਚੋਂ ਸ੍ਰੇਸ਼ਠ ਵਿਦਵਾਨ ਚਲਿਆ ਗਿਆ ਹੈ। ਉਹਨਾਂ ਦੀ ਕਲਮੀ ਵਿਦਵਤਾ ਕਾਰਨ ਹੀ ਇਸੇ ਸਾਲ ਹੋਲੇ ਤੇ ਉਹਨਾਂ ਨੂੰ 'ਸਾਹਿਤ ਮਾਰਤੰਡ' ਨਾਲ ਸਨਮਾਨਤ ਕੀਤਾ ਗਿਆ ਸੀ। ਹੋਲੇ ਤੋਂ ਵਾਪਸੀ ਸਮੇਂ ਮੈਂ ਤੇ ਭਾਰਤੀ ਜੀ ਨੇ ਸੰਜੈ ਬੱਤਰਾ ਦੀ ਗੱਡੀ ਵਿਚ ਇਕੱਠਿਆਂ ਦਿੱਲੀ ਤਕ ਦਾ ਸਫਰ ਤੈਅ ਕੀਤਾ ਸੀ ਅਤੇ ਉਹ ਪੰਜ ਘੰਟੇ ਦਾ ਸਫਰ ਅਜੇ ਵੀ ਮੂਵੀ ਰੀਲ ਵਾਂਗ ਮੇਰੀਆਂ ਅੱਖਾਂ ਅੱਗੇ ਘੁੰਮ ਰਿਹਾ ਹੈ। ਅਸੀਂ ਕਈ ਤਰ੍ਹਾਂ ਦੀਆਂ ਵਿਚਾਰਾਂ ਕੀਤੀਆਂ ਪਰ ਪਤਾ ਨਹੀਂ ਸੀ ਫੇਰ ਵਿਚਾਰਾਂ ਦੀ ਥਾਂ ਐਡੀ ਛੇਤੀ ਖਾਲੀ ਹੋ ਜਾਵੇਗੀ। ਆਪਣੇ ਬਜ਼ੁਰਗ ਵਿਦਵਾਨ, ਮਿੱਤਰ ਦੇ ਅਚਾਨਕ ਚਲੇ ਜਾਣ ਦਾ ਮੈਨੂੰ ਬਹੁਤ ਦੁੱਖ ਹੈ। ਸਤਿਗੁਰੂ ਜੀ ਕ੍ਰਿਪਾ ਕਰਨ, ਭਾਰਤੀ ਜੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

– ਐਸ. ਐਸ. ਮਨਧੀਰ

# ਡਾ. ਅਮਰ ਭਾਰਤੀ ਜੀ ਚਿੰਤਕ, ਸਾਧਕ ਅਤੇ ਲੋਕ ਹਿਤੈਸ਼ੀ ਰਹੇ

ਡਾ. ਅਮਰ ਭਾਰਤੀ ਜੀ 14 ਅਪ੍ਰੈਲ 2004 ਬੁੱਧਵਾਰ ਸ਼ਾਮ ਨੂੰ ਸਵਾ ਅੱਠ ਵਜੇ ਆਪਣੀ ਸੰਸਾਰ ਯਾਤਰਾ ਪੂਰੀ ਕਰਦੇ ਹੋਏ ਆਪਣੇ ਰਿਸ਼ਤੇਦਾਰਾਂ, ਆਪਣੇ ਪਰਮ ਮਿੱਤਰਾਂ ਤੇ ਸੰਗੀ ਸਾਥੀਆਂ ਨੂੰ ਦੇਹ ਕਰਕੇ ਸਦੀਵੀਂ ਵਿਛੋੜਾ ਦੇ ਗਏ। ਅੰਤਮ ਸਵਾਸ ਲੈਣ ਤੋਂ ਪਹਿਲਾਂ ਬੀਤੇ ਸੱਤ ਦਿਨਾਂ ਵਿਚ ਆਪ ਉਹਨਾਂ ਘਰਾਂ ਵਿਚ ਵੀ ਗਏ ਜਿਥੇ ਅਕਸਰ ਜਾਇਆ ਕਰਦੇ ਸਨ। ਸਭ ਦਾ ਹਾਲ ਚਾਲ ਪੁੱਛਿਆ ਤੇ ਸੁੱਖ ਸਾਂਦ ਲਈ। ਸ੍ਰੀ ਹਰਿੰਦਰ ਪਤੰਗਾ ਜੋ ਬੜੇ ਵਧੀਆ ਸੂਫੀ ਕਵੀ, ਗੀਤਕਾਰ ਤੇ ਗਾਇਕ ਹਨ, ਉਹ ਵੀ 14 ਅਪ੍ਰੈਲ ਇਹਨਾਂ ਦੇ ਡੇਰੇ ਜਨਕਪੁਰੀ ਪਹੁੰਚੇ। ਲਗਭਗ ਡੇਢ ਘੰਟਾ ਬੈਠਕ ਹੋਈ। ਉਹਨਾਂ ਪਾਸੋਂ ਸੂਫੀ ਕਲਾਮ ਹਾਰਮੋਨੀਅਮ ਦੁਆਰਾ ਸੁਣਿਆ। ਬੜੇ ਪ੍ਰਸੰਨ ਹੋਏ ਤੇ ਕਹਿਣ ਲੱਗੇ ਕਿ ਆਨੰਦ ਆ ਗਿਆ ਹੈ।

ਡਾ. ਅਮਰ ਭਾਰਤੀ ਜੀ ਦਾ ਜਨਮ ਇਕ ਨਾਮਧਾਰੀ ਪ੍ਰਵਾਰ ਵਿਚ ਮਾਤਾ ਰਾਜ ਕੌਰ ਤੇ ਪਿਤਾ ਮੁਲਖਾ ਸਿੰਘ ਦੇ ਘਰ ਪਹਿਲੀ ਅਕਤੂਬਰ 1926 ਨੂੰ ਪਿੰਡ ਲੋਪੋਕੇ ਜਿਲਾ ਅੰਮ੍ਰਿਤਸਰ ਵਿਖੇ ਹੋਇਆ। ਸ੍ਰੀ ਧਨੀਰਾਮ ਚਾਤ੍ਰਿਕ ਜੋ ਪੰਜਾਬੀ ਦੇ ਪ੍ਰਸਿੱਧ ਕਵੀ ਹੋ ਗੁਜ਼ਰੇ ਹਨ, ਰਿਸ਼ਤੇਦਾਰੀ ਵਿਚ ਭਾਰਤੀ ਜੀ ਦੇ ਤਾਇਆ ਲਗਦੇ ਸਨ। ਭਾਰਤੀ ਜੀ ਦੇ ਮਾਤਾ ਦਾ ਪੇਕਾ ਘਰ ਪ੍ਰਸਿੱਧ ਨਾਮਧਾਰੀ ਨਗਰ ਦਾਤੇਵਾਲ ਸੀ ਤੇ ਪਿਤਾ ਖੁਲ੍ਹੇ ਘਰ ਚੋਂ ਸਨ। ਦੁਕਾਨਦਾਰੀ ਕਰਦੇ ਸਨ। ਮਾਤਾ ਨੇ ਆਉਂਦਿਆਂ ਸਾਰ ਆਪਣੇ ਸਹੁਰਾ ਘਰ ਨੂੰ ਨਾਮਧਾਰੀ ਰੰਗਣ ਵਿਚ ਰੰਗਣਾ ਚਾਲੂ ਕਰ ਦਿਤਾ।

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਆਰੰਭ ਕੀਤੀ ਗਈ ਕੂਕਾ ਲਹਿਰ ਦਾ ਪੰਜਾਬ ਅੰਦਰ ਬੜਾ ਪ੍ਰਭਾਵ ਸੀ। ਜਨਵਰੀ 1872 ਦੀ ਆਪਣੀ ਜਲਾਵਤਨੀ ਤੋਂ ਬਾਅਦ ਰੰਗੂਨ ਤੋਂ ਆਪਣੇ ਹੁਕਮਨਾਮਿਆਂ ਵਿਚ ਪੰਜਾਬੀ ਅੱਖਰਾਂ ਦਾ ਗਿਆਨ ਲੈਣ ਤੇ ਗੁਰਬਾਣੀ ਦਾ ਪਾਠ ਕਰਨ ਵਾਸਤੇ ਜੋਰ ਦਿੰਦੇ ਰਹੇ। ਬਰਿਟਿਸ਼ ਰਾਜ ਦੇ ਸਕੂਲਾਂ ਕਾਲਜਾਂ ਵਿਚ ਪੜ੍ਹਣ ਦੀ ਮਨਾਹੀ ਸੀ। ਇਹੀ ਕਾਰਨ ਸੀ ਕਿ ਨਾਮਧਾਰੀ ਬੱਚੇ ਸਕੂਲਾਂ ਕਾਲਜਾਂ ਵਿਚ ਨਹੀਂ ਸਨ ਜਾਂਦੇ। ਏਸੇ ਅਸਰ ਹੇਠ ਭਾਰਤੀ ਜੀ ਵੀ ਕਿਸੇ ਸਕੂਲ ਨਹੀਂ ਸਨ ਗਏ। ਘਰ ਵਿਚ ਹੀ ਗੁਰਮੁਖੀ ਪੜ੍ਹੀ ਤੇ ਇਸਦਾ ਰਟਨ ਕੀਤਾ। ਉਸ ਸਮੇਂ ਦੇ ਪੰਜਾਬੀ ਲੇਖਕ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ, ਸ੍ਰ. ਨਾਨਕ ਸਿੰਘ ਨਾਵਲਿਸਟ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਪੁਸਤਕਾਂ ਨੂੰ ਬੜੇ ਸ਼ੌਕ ਨਾਲ ਪੜ੍ਹਿਆ ਕਰਦੇ ਸਨ। ਨਾਲ ਹੀ ਭਾਰਤੀ ਜੀ ਨੇ ਹਿੰਦੀ ਅੱਖਰਾਂ ਦਾ ਗਿਆਨ ਵੀ ਲੈ ਲਿਆ। ਹਿੰਦੀ ਦੇ ਉਚ ਕੋਟੀ ਦੇ ਵਿਦਵਾਨ ਪੰਡਤ ਰਾਹੁਲ ਸ਼ੰਕਰਾਤਾਈਨ, ਸ੍ਰੀ ਰਾਮਬਿਲਾਸ ਸ਼ਰਮਾ, ਸ੍ਰੀ ਰੰਗੇ ਰਾਘਵ ਤੇ ਮੁੰਸ਼ੀ ਪ੍ਰੇਮਚੰਦ ਦੀਆਂ ਪੁਸਤਕਾਂ ਨੂੰ ਵਾਚਿਆ। ਅਮਰੀਕਨ ਲੇਖਕ ਸ੍ਰੀ ਡੇਲ ਕਾਰਨੇਗੀ ਦੀ ਹਿੰਦੀ ਵਿਚ ਅਨੁਵਾਦੀ ਪੁਸਤਕ 'ਲੋਕ ਵਿਵਹਾਰ' ਨੂੰ ਪੜ੍ਹਿਆ। ਸ੍ਰੀ ਵਿਕਟਰ ਹਿਓਗੇ ਦੇ ਨਾਵਲ ਨੂੰ ਪੜ੍ਹਿਆ ਤੇ ਕੁੱਝ ਸਮਾਂ ਪਾਕੇ ਬੰਗਲਾ ਭਾਸ਼ਾ ਦਾ ਗਿਆਨ ਵੀ ਲਿਆ। ਤਦ ਇਹਨਾਂ ਦਾ ਡੇਰਾ ਦਿੱਲੀ ਵਿਚ ਸੀ। ਕਈ ਇਕ ਬੰਗਾਲੀ ਸੰਸਥਾਵਾਂ ਨਾਲ ਵਾਸਤਾ ਪਿਆ। ਬੰਗਾਲੀ ਸੰਸਥਾਵਾਂ ਏਨ੍ਹਾਂ ਦੇ ਬੰਗਾਲੀ ਭਾਸ਼ਾ ਨੂੰ ਜਾਣਨ ਕਰਕੇ ਬੜੀ ਕਦਰ ਕਰਦੀਆਂ ਸਨ। ਬੰਗਲਾ ਦੇ ਉਚ ਕੋਟੀ ਦੇ ਵਿਦਵਾਨ ਸ੍ਰੀ ਰਵਿੰਦਰ ਨਾਥ ਟੈਗੋਰ, ਸ੍ਰੀ ਬੰਕਿਮ ਚੰਦਰ ਚੈਟਰਜੀ ਤੇ ਕਈ ਇਕ ਲੇਖਕਾਂ ਦੀਆਂ ਪੁਸਤਕਾਂ ਨੂੰ ਬੜੀ ਬਾਰੀਕੀ ਨਾਲ ਅਧਿਅਨ ਕੀਤਾ।

ਭਾਰ ੀ ਮਾਹਿਤ ਅਕਾਦਮੀ ਜੋ ਸਭਨਾਂ ਭਾਰਤ। ਭਾਸ਼ਾਵਾਂ ਦੇ ਵਿਕਾਸ ਲਈ ਕੰਮ ਕਰ ਰਹੀ ਹੈ, ਉਸਨੂੰ ਅਜੇਹੇ ਵਿਅੱਕਤੀ ਦੀ ਲੋੜ ਸੀ ਜੋ ਸਿੱਧਾ ਬੰਗਾਲੀ ਤੋਂ ਪੰਜਾਬੀ ਵਿਚ ਅਨੁਵਾਦ ਕਰ ਸਕੇ। ਸਮੁੱਚੀ ਪੰਜਾਬੀ ਕੌਮ ਵਿਚੋਂ ਕੇਵਲ ਭਾਰਤੀ ਜੀ ਹੀ ਮਿਲੇ ਜੋ ਇਸ ਕੰਮ ਦੇ ਯੋਗ ਸਨ। ਭਾਰਤੀ ਸਾਹਿਤ ਅਕਾਦਮੀ ਨੇ ਭਾਰਤੀ ਜੀ ਦੀਆਂ ਸੇਵਾਵਾਂ ਪ੍ਰਾਪਤ ਕਰਕੇ ਏਨ੍ਹਾਂ ਪਾਸੋਂ ਬੰਗਾਲੀ ਦੇ ਲੇਖਕਾਂ ਵਲੋਂ ਰਚੀਆਂ ਪੁਸਤਕਾਂ ਦਾ ਅਨੁਵਾਦ ਕਰਵਾਇਆ। ਅਕੈਡਮੀ ਨੇ ਭਾਰਤੀ ਜੀ ਦਾ ਇਸ ਕੰਮ ਵਜੋਂ ਬੜਾ ਨਿੱਘਾ ਸਵਾਗਤ ਕੀਤਾ ਤੇ ਸਨਮਾਨ ਦਿਤਾ। ਬੰਗਾਲੀ ਸੰਸਥਾਵਾਂ ਨੇ ਵੀ ਸ੍ਰੀ ਅਮਰ ਭਾਰਤੀ ਜੀ ਨੂੰ ਸਨਮਾਨਤ ਕੀਤਾ। ਪੰਜਾਬੀ ਅਕੈਡਮੀ ਦਿੱਲੀ ਵਲੋਂ ਵੀ ਭਾਰਤੀ ਜੀ ਨੂੰ ਪੁਰਸਕ੍ਰਿਤ ਕੀਤਾ ਗਿਆ।

ਭਾਰਤੀ ਜੀ ਇਕ ਅਜੇਹੇ ਦੌਰ ਚੋਂ ਗੁਜਰੇ, ਜਦੋਂ ਇਹਨਾਂ ਉਪਰ ਮਾਰਕਸ਼ਿਜ਼ਮ ਦਾ ਗਹਿਰਾ ਪ੍ਰਭਾਵ ਸੀ। ਭਾਰਤੀ ਜੀ ਭਾਰਤੀ ਕਮਿਊਨਿਸਟ ਪਾਰਟੀ ਦੇ ਹੋਲ ਟਾਈਮਰ ਵਰਕਰ ਵੀ ਰਹੇ। ਸ਼ਿਮਲੇ ਦੇ ਲਾਗੇ ਕੋਈ ਫੌਜੀ ਕੈਂਪ ਸੀ। ਉਥੇ ਫੌਜੀਆਂ ਵਿਚ ਮਾਰਕ ਸ਼ਿਜ਼ਮ ਦਾ ਪ੍ਰਚਾਰ ਤੇ ਇਨਕਲਾਬ ਦੀ ਭਾਵਨਾ ਨੂੰ ਜਗਾਉਣ ਵਾਸਤੇ ਭੇਜਿਆ ਗਿਆ। ਭਾਰਤੀ ਜੀ ਨੇ ਮਹਾਤਮਾ ਗਾਂਧੀ ਜੀ ਦੀਆਂ ਪੁਸਤਕਾਂ ਨੂੰ ਵੀ ਬੜੀ ਬਰੀਕੀ ਨਾਲ ਪੜ੍ਹਿਆ। ਸ੍ਰੀ ਵਿਨੋਬਾ ਜੀ ਦੇ ਜ਼ਮੀਨਾਂ ਨੂੰ ਦਾਨ ਵਿਚ ਲੈਂਦਿਆਂ ਤੇ ਭੂਮੀ ਹੀਣ ਕਾਮਿਆਂ ਵਿਚ ਵੰਡਦਿਆਂ ਦੀ ਲਹਿਰ ਨੂੰ ਵੀ ਨੇੜੇ ਹੋ ਕੇ ਤੱਕਿਆ। ਭਾਰਤੀ ਜੀ ਲਗਾਤਾਰ ਕੁੱਝ ਨ ਕੁੱਝ ਪੜ੍ਹਦੇ ਰਹੇ। ਸਾਰੇ ਧਰਮਾਂ ਦਾ ਗਿਆਨ ਹਾਸਲ ਕਰਦੇ ਰਹੇ। ਭਾਰਤ ਦੀ ਆਜ਼ਾਦੀ ਲਈ ਰਾਜਨੀਤਕ ਲਹਿਰਾਂ ਦੇ ਇਤਿਹਾਸ ਅਤੇ ਕੌਮੀ ਤੇ ਕੌਮਾਂਤਰੀ ਮਸਲਿਆਂ ਬਾਰੇ ਜਾਣਕਾਰੀ ਵੀ ਪ੍ਰਾਪਤ ਕੀਤੀ।

ਸ੍ਰੀ ਅਮਰ ਭਾਰਤੀ ਜੀ ਦੇ ਵੱਡੇ ਭਾਈ ਸਾਹਿਬ ਸੰਤ ਮੰਗਲ ਸਿੰਘ ਜੀ ਲਾਇਲਪੁਰੀ ਬਚਪਨ ਤੋਂ ਹੀ ਨਾਮਧਾਰੀ ਪੰਥ ਨੂੰ ਸਮਰਪਤ ਰਹੇ। ਨਾਮਧਾਰੀ ਪ੍ਰਚਾਰ ਤੇ ਪ੍ਰਸਾਰ ਨੂੰ ਆਪਣੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਬਣਾ ਲਿਆ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 'ਸਤਿਜੁਗ' ਨੂੰ ਸੰਪਾਦਤ ਕਰਨ ਦੀ ਜਿੰਮੇਵਾਰੀ ਲਾਇਲਪੁਰੀ ਜੀ ਨੂੰ ਸੌਂਪ

ਦਿਤੀ। ਆਪਣੇ ਸਮੇਂ ਲਾਇਲਪੁਰੀ ਜੀ ਨੇ 'ਸਤਿਜੁਗ' ਦੇ ਕਈ ਇਕ ਅੰਕ ਪ੍ਰਕਾਸ਼ਤ ਕੀਤੇ। ਤਦ 'ਸਤਿਜੁਗ' ਮਾਸਕ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰਬਲ ਇੱਛਾ ਸੀ ਕਿ 'ਸਤਿਜੁਗ' ਜੇ ਰੋਜ਼ਾਨਾ ਨਹੀਂ ਤਾਂ ਹਫਤਾਵਾਰੀ ਜ਼ਰੂਰ ਪ੍ਰਕਾਸ਼ਤ ਹੋਵੇ। ਸਤਿਗੁਰੂ ਜੀ ਨੇ ਲਾਇਲਪੁਰੀ ਜੀ ਪਾਸੋਂ ਇਸ ਦੀ ਰੂਪ ਰੇਖਾ ਵੀ ਮੰਗੀ ਸੀ। ਇਸੇ ਦੌਰਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਚੋਲਾ ਛੱਡ ਗਏ। ਲਾਇਲਪੁਰੀ ਜੀ ਵਲੋਂ ਪੰਥ ਪ੍ਰਚਾਰ ਖਾਤਰ 'ਨਵਾਂ ਹਿੰਦੁਸਤਾਨ' ਸਪਤਾਹਿਕ ਚਾਲੂ ਹੋ ਚੁੱਕਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੱਦੀ ਨਸ਼ੀਨੀ ਤੋਂ ਫੌਰੀ ਬਾਅਦ 'ਨਵਾਂ ਹਿੰਦੁਸਤਾਨ' ਨੂੰ ਮਾਨਤਾ ਦੇ ਦਿਤੀ ਤੇ ਹਰੇਕ ਨਾਮਧਾਰੀ ਨੂੰ ਪਰਚਾ ਲੈਣ ਦਾ ਹੁਕਮ ਕੀਤਾ। ਸ੍ਰੀ ਲਾਇਲਪੁਰੀ ਜੀ ਨੇ 'ਨਵਾਂ ਹਿੰਦੁਸਤਾਨ' ਨੂੰ ਹਫਤਾਵਾਰੀ ਤੋਂ ਰੋਜ਼ਾਨਾ ਕਰ ਦਿਤਾ। ਸ੍ਰੀ ਅਮਰ ਭਾਰਤੀ ਜੀ 'ਨਵਾਂ ਹਿਦੁਸਤਾਨ' ਨੂੰ ਐਡਿਟ ਕਰਦੇ ਸਨ।

ਅਕਾਲੀ ਪਾਰਟੀ ਨੇ ਪੰਜਾਬੀ ਸੂਬੇ ਦੀ ਸਥਾਪਨਾ ਲਈ ਮੋਰਚਾ ਲਾਇਆ ਹੋਇਆ ਸੀ। ਅਕਾਲੀ ਪਾਰਟੀ ਪੰਜਾਬੀ ਸੂਬੇ ਵਿਚ ਕੇਵਲ ਉਹਨਾਂ ਇਲਾਕਿਆਂ ਦੀ ਮੰਗ ਕਰ ਰਹੀ ਸੀ, ਜੋ ਸਿੱਖ ਬਹੁਲ ਇਲਾਕੇ ਹੋਣ। ਭਾਰਤੀ ਜੀ ਆਪਣੇ ਸੰਪਾਦਕੀ ਲੇਖਾਂ ਵਿਚ ਇਕ ਵਿਸ਼ਾਲ ਪੰਜਾਬ ਜਿਸ ਵਿਚ ਸਾਰੇ ਪੰਜਾਬੀ ਬੋਲਦੇ ਇਲਾਕੇ ਸ਼ਾਮਲ ਹੋਣ, ਦੀ ਵਕਾਲਤ ਕਰ ਰਹੇ ਸਨ। ਇਸ ਸਬੰਧ ਵਿਚ ਸੰਬੰਧਤ ਲੀਡਰਾਂ ਨਾਲ ਭਾਰਤੀ ਜੀ ਦੀਆਂ ਕਈ ਇਕ ਬੈਠਕਾਂ ਵੀ ਹੋਈਆਂ। ਸ੍ਰੀ ਭਾਰਤੀ ਜੀ ਦੇ ਲੇਖਾਂ ਦੀ ਪੰਜਾਬੀ ਜਗਤ ਵਿਚ ਬੜੀ ਧਾਂਕ ਰਹੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਸ੍ਰੀ ਅਮਰ ਭਾਰਤੀ ਜੀ ਵਲੋਂ ਪੇਸ਼ ਕੀਤੇ ਗਏ ਦ੍ਰਿਸ਼ਟੀਕੋਣ ਦੀ ਬੜੀ ਪ੍ਰਸ਼ੰਸਾ ਕਰਦੇ ਸਨ। ਪੰਜਾਬੀ ਸੂਬੇ ਦੇ ਮੋਰਚੇ ਸਮੇਂ 'ਨਵਾਂ ਹਿੰਦੁਸਤਾਨ' ਦੀ ਪਛਾਣ ਵੱਖਰੀ ਬਣ ਗਈ ਸੀ।

ਸ੍ਰੀ ਅਮਰ ਭਾਰਤੀ ਜੀ ਨੇ 'ਸਿੱਖ ਇਤਿਹਾਸ ਤੇ ਕੂਕੇ : ਇਕ ਤੁਲਨਾਤਮਕ ਅਧਿਐਨ' ਪੁਸਤਕ ਲਿਖੀ। 'ਨਵਾਂ ਹਿੰਦੁਸਤਾਨ' ਨੇ ਪੁਸਤਕ ਪ੍ਰਕਾਸ਼ਤ ਕਰਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਭੇਟ ਕੀਤੀ। ਸ੍ਰੀ ਸਤਿਗੁਰੂ ਜੀ ਉਸ ਪੁਸਤਕ ਤੋਂ ਬੜਾ ਪ੍ਰਭਾਵਤ ਹੋਏ। ਉਸ ਤੋਂ ਬਾਅਦ ਸ੍ਰੀ ਭਾਰਤੀ ਜੀ ਨੇ 'ਸਤਿਗੁਰ ਤਿਸਕਾ ਨਾਓ' ਪੁਸਤਕ ਬੜੀ ਖੋਜ ਭਰਪੂਰ ਲਿਖੀ। ਸ੍ਰੀ ਸਤਿਗੁਰੂ ਜੀ ਉਸ ਪੁਸਤਕ ਦੇ ਖਰੜੇ ਨੂੰ ਸੁਨਣ ਵਾਸਤੇ ਭਾਰਤੀ ਜੀ ਦੀ ਰਿਹਾਇਸ਼ ਹਰੀ ਨਗਰ ਵਿਖੇ ਦਰਸ਼ਨ ਦਿੰਦੇ ਰਹੇ। ਨਾਮਧਾਰੀ ਦਰਬਾਰ ਨੇ ਉਸ ਪੁਸਤਕ ਨੂੰ ਛਾਪਿਆ। ਭਾਰਤੀ ਜੀ ਨੇ ਇਸ ਤਰ੍ਹਾਂ ਕਰਕੇ ਕੁੱਝ ਅਥੈਂਟਿਕ ਪੁਸਤਕਾਂ ਦੀ ਰਚਨਾ ਕੀਤੀ। ਸਤਿਗੁਰੂ ਜੀ ਸਮੇਂ ਸਮੇਂ ਭਾਰਤੀ ਜੀ ਨੂੰ ਸਨਮਾਨਤ ਕਰਦੇ ਰਹੇ ਤੇ ਇਸ ਸਬੰਧ ਵਿਚ ਇਕ ਕਾਰ ਵੀ ਭੇਟ ਕੀਤੀ। 8 ਮਾਰਚ 2004 ਦੇ ਹੋਲੇ ਸਮੇਂ ਭਾਰਤੀ ਜੀ ਨੂੰ ਉਚੇ ਚੇ ਤੌਰ ਤੇ ਸ੍ਰੀ ਭੈਣੀ ਸਾਹਿਬ ਲਿਜਾਇਆ ਗਿਆ। ਸਤਿਗੁਰੂ ਜੀ ਵਲੋਂ ਵਿਸ਼ਾਲ ਜਨਸਮੂੰਹ ਵਿਚ 'ਸਾਹਿਤ ਮਾਰਤੰਡ' ਦਾ ਖਿਤਾਬ ਦੇ ਕੇ ਸਨਮਾਨਤ ਕੀਤਾ ਗਿਆ। 14 ਅਪ੍ਰੈਲ 2004 ਨੂੰ ਭਾਰਤੀ ਜੀ ਸਾਰਾ ਦਿਨ ਬੜੇ ਵਧੀਆ ਬਚਨ ਕਰਦੇ ਰਹੇ। ਅਜੇਹਾ ਕੋਈ ਅੱਲ ਵੇਖਣ ਵਿਚ ਨਾ ਆਇਆ ਕਿ ਭਾਰਤੀ ਜੀ ਸਾਨੂੰ ਵਿਛੋੜਾ ਦੇ ਰਹੇ ਹਨ।

1994 ਵਿਚ ਭਾਰਤੀ ਜੀ ਨੂੰ ਹਾਰਟ ਅਟੈਕ ਹੋ ਚੁੱਕਾ ਸੀ। ਉਹਨਾਂ ਦਾ ਹਾਰਟ ਕਰੀਬਨ 77% ਖਤਮ ਹੋ ਚੁੱਕਾ ਸੀ। ਸ੍ਰੀ ਸਤਿਗੁਰੂ ਜੀ ਨੇ ਇਹਨਾਂ ਦਾ ਟ੍ਰੀਟਮੈਂਟ ਐਸਕਾਰਟ ਹਸਪਤਾਲ ਤੋਂ ਕਰਾਇਆ ਸੀ। ਸਤਿਗੁਰੂ ਜੀ ਏਨ੍ਹਾਂ ਦਾ ਬੜਾ ਧਿਆਨ ਰੱਖਦੇ ਸਨ। ਹੁਣ ਦੁਬਾਰਾ ਉਹੀ ਅਟੈਕ ਹੋ ਗਿਆ ਜਿਸ ਨਾਲ ਏਨ੍ਹਾਂ ਦੀ ਜੀਵਨ ਲੀਲਾ ਸਮਾਪਤ ਹੋ ਗਈ।

ਸ੍ਰੀ ਅਮਰ ਭਾਰਤੀ ਜੀ ਨੇ ਆਪਣਾ ਸਮੁੱਚਾ ਜੀਵਨ ਇਕ ਚਿੰਤਕ, ਸਾਧਕ ਤੇ ਲੋਕ ਹਿੱਤ ਵਿਚ ਗੁਜ਼ਾਰਿਆ।

## ਭਾਰਤੀ ਜੀ ਦੀ ਅੰਤਿਮ ਯਾਤਰਾ

ਦੂਰੋਂ ਨੇੜਿਓਂ ਜਿਸ ਨੇ ਵੀ ਭਾਰਤੀ ਜੀ ਦੇ ਚਲਾਣੇ ਦੀ ਖਬਰ ਸੁਣੀ, ਉਹ ਦਿਨੇ 11.00 ਵਜੇ ਸਸਕਾਰ ਸਮੇਂ ਸ਼ਿਵਿਆਂ 'ਚ ਪਹੁੰਚੇ। ਭਾਰਤੀ ਜੀ ਦੇ ਰਿਹਾਇਸ਼ੀ ਅਸਥਾਨ ਤੇ ਸਵੇਰੇ ਦਸ ਵਜੇ ਸੰਤ ਮਨਜੀਤ ਸਿੰਘ ਜੀ ਰਾਗੀ ਨੇ ਬੜਾ ਪ੍ਰਭਾਵਸ਼ਾਲੀ ਕੀਰਤਨ ਕੀਤਾ। ਆਪਣੀ ਵਿਆਖਿਆ ਵਿਚ ਉਨ੍ਹਾਂ ਨੇ ਦੱਸਿਆ ਕਿ ਭਾਰਤੀ ਜੀ ਬੜੇ ਵਿਦਵਾਨ ਸਨ। ਉਹਨਾਂ ਨੇ ਮਹਾਨ ਸਾਹਿਤ ਦੀ ਰਚਨਾ ਕਰਕੇ ਪੰਥ ਦੀ ਮਹਾਨ ਸੇਵਾ ਕੀਤੀ। ਭਾਰਤੀ ਜੀ ਦੇ ਵੱਡੇ ਭਾਈ ਸੰਤ ਮੰਗਲ ਸਿੰਘ ਜੀ ਲਾਇਲਪੁਰੀ ਵੀ ਪੰਥ ਲਈ ਸਮਰਪਤ ਰਹੇ। ਏਨ੍ਹਾਂ ਦੇ ਵਿਚਕਾਰਲੇ ਭਾਈ ਸੇਠ ਪ੍ਰਤਾਪ ਸਿੰਘ ਜੀ ਵੀ ਬੜੇ ਤਪੱਸਵੀ ਰਹੇ। ਨਾਮ ਬਾਣੀ ਆਪ ਵੀ ਜਪਿਆ ਤੇ ਜਪਾਇਆ ਵੀ ਬਹੁਤ। ਤਿੰਨੇ ਭਰਾਵਾਂ ਦੀ ਸੇਵਾ ਆਪੋ ਆਪਣੇ ਤਰੀਕੇ ਨਾਲ ਮਹਾਨ ਰਹੀ। ਘਰ ਕੀਰਤਨ ਕਰਨ ਉਪਰੰਤ ਜਦ ਸ਼ਿਵਿਆਂ ਤੇ ਪਹੁੰਚੇ ਤਾਂ ਅੱਗੋਂ ਜੱਥੇਦਾਰ ਸੇਵਾ ਸਿੰਘ ਜੀ ਨੇ ਸਮੇਂ ਦਾ ਸ਼ਬਦ ਪੜ੍ਹਕੇ ਆਪਣੀ ਸ਼ਰਧਾਂਲੀ ਦਿਤੀ। ਸ਼ਿਵਿਆਂ ਤੇ ਰਿਸ਼ਤੇਦਾਰਾਂ, ਸਬੰਧੀਆਂ ਤੋਂ ਇਲਾਵਾ ਕਈ ਇਕ ਵਿਸ਼ੇਸ਼ ਵਿਅਕਤੀ ਪਹੁੰਚੇ ਹੋਏ ਸਨ। ਪੰਜਾਬੀ ਸਾਹਿਤ ਸਭਾ ਦਿੱਲੀ, ਕੇਂਦਰੀ ਪੰਜਾਬੀ ਸਾਹਿਤ ਸੰਮੇਲਨ ਦਿੱਲੀ, ਨਾਮਧਾਰੀ ਦਰਬਾਰ, ਨਾਮਧਾਰੀ ਸੰਗਤ ਦਿੱਲੀ, ਸਤਿਜੁਗ, ਵਰਿਆਮ, ਵਰਤਮਾਨ ਹਿੰਦੁਸਤਾਨ ਦੇ ਨੁਮਾਇੰਦੇ ਤੇ ਹੋਰ ਅਦਾਰਿਆਂ ਵਲੋਂ ਸ਼ਰਧਾ ਪੁਸ਼ਪ, ਦੁਸ਼ਾਲੇ ਅਤੇ ਹਾਰ ਪਾਏ ਗਏ। ਸ੍ਰੀ ਚਰਨਜੀਤ ਸਿੰਘ ਚੰਨ, ਪ੍ਰੋ. ਤਾਰਾ ਸਿੰਘ ਅਨਜਾਣ, ਸੂਬਾ ਸੁਖਦੇਵ ਸਿੰਘ, ਪ੍ਰਧਾਨ ਸਾਧਾ ਸਿੰਘ, ਸੰਤ ਰਮਣੀਕ ਸਿੰਘ, ਪ੍ਰੋ. ਪਿਆਰਾ ਸਿੰਘ ਐਮ.ਏ., ਡਾਕਟਰ ਮਨਜੀਤ ਸਿੰਘ (ਰੀਡਰ ਦਿੱਲੀ ਯੂਨੀਵਰਸਿਟੀ), ਸ੍ਰੀ ਇਕਬਾਲ ਦੀਪ, ਟਿੱਕਾ ਸੁਰਅੰਮ੍ਰਿਤ ਸਿੰਘ ਹੰਸਪਾਲ, ਸ੍ਰੀ ਹਰਿੰਦਰ ਪਤੰਗਾ ਤੇ ਕਈ ਇਕ ਪ੍ਰਸਿੱਧ ਹਸਤੀਆਂ ਮੌਜੂਦ ਸਨ।

– ਗੁਰੂਬਚਨ ਸਿੰਘ ਨਾਮਧਾਰੀ, ਚੰਡੀਗੜ੍ਹ

# ਅਥੱਕ ਪਥਿਕ ਅਮਰ ਭਾਰਤੀ ਜੀ

ਹੋਸ਼ ਸੰਭਾਲਦਿਆਂ ਹੀ, ਅਮਰ ਭਾਰਤੀ ਜੀ ਨੂੰ ਸੁਣਦਾ ਅਤੇ ਗਾਹੇ ਬਗਾਹੇ ਵੇਖਦਾ ਭੀ ਆਇਆ ਹਾਂ। ਕਿਸੇ ਹੋਲੇ ਮੇਲੇ ਤੇ ਜਾਂ ਫਿਰ ਦਿੱਲੀ ਦੀ ਰੇਲ ਪੇਲ ਵਿਚ। ਜਦੋਂ ਵੀ ਵੇਖਿਆ, ਨਿਹਾਇਤ ਇਕੱਲਾ! ਤੁਰਦਾ ਫਿਰਦਾ ਜਿਵੇਂ ਆਪਣੇ ਆਪ ਨੂੰ ਲੱਭਦਾ-ਭਾਲਦਾ ਕੋਈ ਸਤਿਆਰਥੀ ! ਮਾਇਕ ਸਮੱਰਥਾ ਤੋਂ ਬਗੈਰ ਸਾਹਿਤ ਦਾ ਸ੍ਰਿਜਣ ? ਕੈਸਾ ਹੱਠ ਯੋਗੀ ! ਕੈਸਾ ਸਾਧਕ ! ਪਿਆਰਾ ਸਿੰਘ ਦਾਤਾ ਦੇ ਸ਼ਬਦਾਂ ਵਿਚ ਆਟਾ ਗੁੰਨਣ ਲਈ – ਪਰਾਤ ਹੈ ਨਹੀਂ। ਦਾਲ ਤੇ ਸਬਜੀ – ਉਬਾਲਣ ਨੂੰ ਪਤੀਲੇ ਹੈ ਨਹੀਂ। ਕੜਛੀ ਨਹੀਂ, ਤਵਾ ਨਹੀਂ, ਵੇਲਣਾ ਨਹੀਂ, ਰੋਟੀ ਕਿਵੇਂ ਬਣੇਗੀ ? ਆਲੇ ਦੁਆਲੇ ਦੀ ਜਮਾਤੀ ਸਹਾਇਤਾ ਤੋਂ ਹੀਣ ਰਵਿੰਦਰ ਨਾਥ ਟੈਗੋਰ ਦੇ ਬੋਲ, 'ਏਕਲਾ ਚਲੋ ਰੇ' ਦਾ ਪਾਤਰ ! ਅਨੰਤ ਯਾਤ੍ਰਾ ਦਾ ਪਥਿਕ ! ਸਾਹਿਤ ਸਿਰਜਣਹਾਰ, ਸ਼ੂਨਯ ਤੋਂ ਸ੍ਰਿਸ਼ਟੀ ਰਚਣ ਵਾਲਾ ਇਹ ਸੁਹਣਾ ਭਾਰਤੀ ਅਜ ਅਮਰਤਵ ਵਿਚ ਲੀਨ ਹੋ ਗਿਆ।

ਉਮਰ ਵਿਚ ਮੈਥੋਂ 20–25 ਸਾਲ ਵੱਡੇ ਅਮਰ ਭਾਰਤੀ ਜੀ ਮੇਰੇ ਪਰਮ ਮਿੱਤਰ ਸਨ, ਇਹ ਕਹਿਣ ਵਿਚ ਮੈਨੂੰ ਗਰਵ ਹੈ। ਅਪ੍ਰੈਲ 1996 ਨੂੰ ਮਨਾਲੀ ਜਾਂਦੇ ਹੋਏ ਚੰਡੀਗੜ੍ਹ ਪੜਾਅ ਸਮੇਂ, ਸਾਡੀ ਝੁੱਗੀ ਨੂੰ ਭਾਗ ਲਾਏ। "ਬਈ, ਅੱਜ ਬੜਾ ਜੀਅ ਕਰਦਾ ਸੀ, ਤੁਹਾਨੂੰ ਮਿਲਣ ਤੇ ਹੁਣ ਆ ਗਿਆਂ, ਖਾਣਾ ਤਾਂ ਖਾਕੇ ਹੀ ਜਾਵਾਂਗਾ।" ਢਾਈ ਤਿੰਨ ਘੰਟੇ ਤਕ ਇਕਾਂਤ ਕਮਰੇ ਵਿਚ ਸਾਹਿਤ ਅਤੇ ਸਮਾਜ, ਧਰਮ ਅਤੇ ਕਰਮ ਕਾਂਡ, ਸਭਿਅਤਾ ਅਤੇ ਅਸਭਿਆਚਾਰ, ਯੋਗ ਅਤੇ ਸਾਧਨਾ ਹਰ ਵਿਸ਼ੇ ਨੂੰ ਬੜੀ ਹੋਸ਼ਿਆਰੀ ਨਾਲ ਮੈਂ ਛੂੰਹਦਾ ਗਿਆ ਅਤੇ ਅਮਰ ਭਾਰਤੀ ਜੀ ਚਰਚਾ ਨੂੰ ਵਿਸਤਾਰ ਦਿੰਦੇ ਰਹੇ। ਜੀਵਨ ਦੀਆਂ ਅਨੇਕਾਂ ਸ਼ੰਕਾਵਾਂ ਅਤੇ ਭਰਮ ਦੀਆਂ ਟਾਕੀਆਂ, ਉਡਦੀਆਂ ਰਹੀਆਂ। ਅਮਰ ਭਾਰਤੀ ਜੀ ਜਿਸ ਨਾਲ ਬੈਠਦੇ ਪੂਰੇ ਸਨੇਹ ਨਾਲ। ਗੱਲ ਕਰਦੇ ਤਾਂ ਪੂਰੀ ਚੇਤਨਾ ਨਾਲ, ਕੁੱਝ ਇਸ ਤਰ੍ਹਾਂ ਦੀ ਪ੍ਰਤੀਤੀ ਕਿ ਆਲਾ ਦੁਆਲਾ ਮਲਯਗਿਰੀ ਚੰਦਨ ਦੀ ਭਿੰਨੀ ਭਿੰਨੀ ਮਹਿਕ ਨਾਲ ਸੁਆਸਿਤ ਹੋ ਜਾਂਦਾ।

ਸਾਲ ਕੁ ਪਹਿਲਾਂ ਬੱਚੇ ਆਸ਼ੀਸ਼ ਦੇ ਭੋਗ ਤੇ ਦਿੱਲੀ ਗਿਆ ਸਾਂ। ਆਸ ਸੀ, ਕੁੱਝ ਪਲ, ਅਮਰ ਭਾਰਤੀ ਜੀ ਦੀ ਸੋਹਬਤ ਦੇ ਜ਼ਰੂਰ ਮਿਲ ਜਾਣਗੇ। ਸ੍ਰ. ਕੰਵਲਜੀਤ ਸਿੰਘ ਹੁਰਾਂ ਦੇ ਘਰ ਤਿਲਕ ਨਗਰ ਮਿਲ ਪਏ। ਜੱਫੀ ਵਿਚ ਲੈਕੇ, ਤਨ ਮਨ ਦਾ ਪੋਰ-ਪੋਰ ਪਿਆਰ ਲਾਲ ਸਰਾਬੋਰ ਕਰ ਦਿਤਾ। ਮੇਰੇ ਨਾਲ ਗਏ ਸ੍ਰ. ਹਰਭਜਨ ਸਿੰਘ ਸਲੂਜਾ ਨੂੰ ਵੀ ਮੇਰੇ ਨਾਲ ਹੀ ਆਪਣੀ ਗੱਡੀ ਵਿਚ ਬਿਠਾ ਲਿਆ ਤੇ ਪਿਆਰ ਭਰੇ ਅਧਿਕਾਰ ਨਾਲ ਕਿਹਾ, ਤੁਸੀਂ ਹੁਣ ਮੇਰੇ ਨਾਲ ਹੀ ਰਹਿਣਾ ਹੈ। ਰਮੇਸ਼ ਨਗਰ ਗੁਰਦੁਆਰੇ ਲੰਗਰ ਵਾਲੇ ਪਾਸੇ ਮੰਜਾ ਢਾਹ ਕੇ ਨਾਲ ਹੀ ਬਿਠਾ ਲਿਆ ਤੇ ਬਚਨਾਮ੍ਰਿਤ ਦੀ ਫੁਹਾਰ ਸ਼ੁਰੂ ਕਰ ਦਿਤੀ। ਜਿਊਣ ਦੀ ਕਲਾ ਬਾਬਤ ਗੁਰੂ ਅਤੇ ਸਿੱਖ ਦੇ ਸੰਵੇਦਨਸ਼ੀਲ ਰਿਸ਼ਤਿਆਂ ਬਾਬਤ, ਗੁਰਬਾਣੀ – ਭਾਵਾਰਥ ਦੀ – ਮਿਠਾਸ ਬਾਬਤ ! ਮੇਰੇ ਵਿਦਵਾਨ ਮਿੱਤਰ ਸੁਣਾਉਂਦੇ ਰਹੇ ਅਤੇ ਮੈਂ ਉਹ ਸਾਰੇ ਸੂਤਰ ਆਪਣੇ ਮਾਣਸ ਪਟਲ ਤੇ ਸਟੋਰ ਕਰੀ ਗਿਆ।

ਸ਼ਾਂਤੀ ਨਿਕੇਤਨ ਦੇ ਸ਼ਾਂਤ ਆਸ਼ਰਮ 'ਚ ਰਵਿੰਦਰ-ਸਾਹਿਤ ਚੋਂ ਪ੍ਰਾਣੀ ਅਤੇ ਪ੍ਰਮੇਸ਼ਰ ਦੇ ਰਿਸ਼ਤਿਆਂ ਨੂੰ ਭਾਲਦੇ ਹਿਮਾਲਾ ਦੇ ਦੁਰਗਮ ਪਹਾੜਾਂ ਵਿਚ ਦੁਰਲੱਭ ਖੋਜੀਆਂ ਦੇ ਸਹਿਵਾਸ 'ਚ ਪ੍ਰਵਿਰਤੀ ਅਤੇ ਨਿਵਰਤੀ ਦੇ ਗੁਢਾ ਭੇਦ ਸਿੱਖਦੇ, ਸੰਸਾਰ ਅਤੇ ਕਰਤਾਰ ਦੀ ਏਕਾਤਮਤਾ ਨੂੰ ਪ੍ਰਤੀਤ ਕਰਦੇ ਹੋਏ, ਅਮਰ ਭਾਰਤੀ ਜੀ ਨੇ ਹਰ ਵਿਸ਼ੇ ਤੇ ਲਿਖਿਆ, ਜੀਵਨ ਦੇ ਹਰ ਪੱਖ ਤੇ ਬੋਲੇ। ਕੁੰਡਲਿਣੀ ਯੋਗ 'ਤੇ ਲਿਖੇ ਹੋਏ ਉਹਨਾਂ ਦੇ ਅੱਖਰ, ਯੋਗ ਸਾਧਕਾਂ ਲਈ, ਪਾਤੰਜਲੀ ਦੇ ਯੋਗ-ਸੂਤਰ ਵਾਂਗ ਹਨ।

ਇਕ ਵਾਰ ਗੱਲਬਾਤ ਕਰਦਿਆਂ, ਅਮਰ ਭਾਰਤੀ ਜੀ ਅੱਗੇ ਦਿਲੀ ਖਵਾਇਸ਼ ਪ੍ਰਕਟ ਕੀਤੀ, "ਤੁਹਾਨੂੰ ਸਰਕਾਰ ਵਲੋਂ, ਸਾਹਿਤ ਸੰਸਥਾਵਾਂ ਵਲੋਂ ਜਾਂ ਪੰਥ ਵਲੋਂ ਕਈ ਵੇਰ, ਕਈ ਤਰ੍ਹਾਂ ਨਾਲ ਸਨਮਾਨਤ ਕੀਤਾ ਗਿਆ ਹੈ। ਪਰ ਤੁਹਾਡੀ ਅਸੀਮ ਸਾਹਿਤ ਸਾਧਨਾ ਲਈ ਬਹੁਤ ਕੁੱਝ ਲੋੜੀਂਦਾ ਹੈ।" ਮੇਰੀ ਇਸ ਗੱਲ ਤੇ ਭਾਰਤੀ ਜੀ, ਚਿਰ ਪ੍ਰੀਚਤ ਅੰਦਾਜ਼ ਵਿਚ ਮੁਸਕ੍ਰੌਂਦੇ ਹੋਏ ਤ੍ਰੀਆਂ ਪੰਕਤੀਆਂ ਗੁਣਗੁਣਾਈਆਂ, 'ਮੈਨੂੰ ਛੁਪੇ ਰਹਿਣ ਦੀ ਚਾਹ, ਛੁਪੇ ਟੁਰ ਜਾਣ ਦੀ।'

ਪੰਜਾਬੀ, ਬੰਗਲਾ, ਹਿੰਦੀ ਸਹਿਤ ਕਈ ਭਾਸ਼ਾਵਾਂ ਦੇ ਗਿਆਤਾ, ਕਈ ਸ਼ਬਦਕੋਸ਼ਾਂ ਦੇ ਧਨੀ, ਅਮਰ ਭਾਰਤੀ ਜੀ ਜਦੋਂ ਵੀ ਮਿਲੇ, ਕੋਈ ਵਿਅਕਤੀ ਨਹੀਂ, ਆਪਣੇ ਆਪ ਵਿਚ ਇਕ ਸੰਪੂਰਣ ਸਾਹਿਤ ਸੰਸਥਾ ਅਤੇ ਗਿਆਨ-ਪੁੰਜ ਲੱਗੇ।

ਮਨੋਵਿਗਿਆਨੀ, ਡਾਕਟਰ, ਲਿਖਾਰੀ, ਬੁਲਾਰੇ, ਚਿੰਤਕ, ਸਮਾਜ ਸੁਧਾਰਕ, ਜੀਵ ਪ੍ਰੇਮ ਦੇ ਪ੍ਰਚਾਰਕ, ਇਤਿਹਾਸਕਾਰ ਅਮਰ ਭਾਰਤੀ ਜੀ ਇਕ ਸਰਬ ਗੁਣ ਸੰਪੰਨ ਸ਼ਖਸ਼ੀਅਤ ਸਨ। ਉਹਨਾਂ ਦੀ ਦੇਹ ਦੇ ਅਵਸਾਨ ਦੇ ਨਾਲ ਹੀ ਸਾਹਿਤ ਸਾਧਨਾ ਅਤੇ ਸਮਾਜਕ ਸਮਰਸਤਾ ਦੇ ਇਕ ਯੁੱਗ ਦਾ ਅਵਸਾਨ ਹੋ ਗਿਆ ਹੈ। ਦੇਹ ਕਰਕੇ ਉਹ ਸਾਡੇ ਵਿਚ ਨਹੀਂ ਰਹੇ, ਇਹ ਲਿਖਦਿਆਂ ਕਲਮ ਕੰਬਦੀ ਹੈ।

ਸੱਚਾਈ ਤਾਂ ਇਹ ਹੈ, ਅਮਰ ਭਾਰਤੀ ਜੀ ਸਦ ਜੀਵੰਤ ਹਨ, ਕਦੀ ਕੜਾਕੇ ਦਾ ਹਾਸਾ ਹੱਸਦਿਆਂ, ਕਦੀ ਗੰਭੀਰ ਮਸ਼ਵਰਾ ਦਿੰਦਿਆਂ, ਕਦੀ ਯੋਗ ਦੀਆਂ ਗੂੜ੍ਹੀਆਂ ਪਰਤਾਂ ਖੋਲ੍ਹਦਿਆਂ, ਕਦੀ ਸਾਹਿਤ ਦਾ ਨਵ-ਸਿਰਜਣ ਕਰਦਿਆਂ, ਉਹ ਸਦਾ ਮਹਿਸੂਸ ਕੀਤੇ ਜਾਣਗੇ। ਆਪਣੀਆਂ ਅਮਰ ਕ੍ਰਿਤੀਆਂ ਲਈ, ਸਾਹਿਤ ਦੇ ਨਿਸ਼ਕਾਮ ਸਿਰਜਣਹਾਰ ਦੇ ਰੂਪ ਵਿਚ, ਕਾਲ ਦੇ ਕਪਾਲ ਤੇ ਖੋਦੀ ਹੋਈ ਕਵਿਤਾ ਦੇ ਅਮਿੱਟ ਅੱਖਰ ਬਣ :

"ਮਾਨਾ ਕਿ ਮੰਜ਼ਿਲ ਦੂਰ ਹੈ ਲੇਕਿਨ
ਪਥ ਮੇਂ ਪਥਿਕ ਬਿਸ਼੍ਰਾਮ ਕੈਸਾ ॥"

ਉਹ ਅਨੰਤ ਦਾ ਰਾਹੀ, ਅਥੱਕ ਪਥਿਕ ਤੁਰਦਾ ਰਿਹਾ। ਜੀਵਨ ਪ੍ਰਯੰਤ ! ਤੁਰਦਿਆਂ-ਤੁਰਦਿਆਂ... ਦੂਰ ਕਿਤੇ, ਅੱਖਾਂ ਤੋਂ ਓਹਲੇ, ਗਗਨ ਮੰਡਲ ਤੋਂ ਪਰ੍ਹੇ, ਜੀਂਵਦੇ ਦੀ ਪਹੁੰਚ ਤੋਂ ਬਾਹਰ ਪੁੱਜ ਗਏ। ਪਰ ਚਿੜੀਆਂ ਦੇ ਗੀਤ ਬਣ... ਕਲਕਲ ਕਰਦੀ ਕਿਸੇ ਪਹਾੜੀ ਸਰਿਤਾਂ ਦਾ ਸੰਗੀਤ ਬਣ, ਦੂਰ ਕਿਸੇ ਘਾਟੀ ਦੇ ਸ਼ਿਵਾਲਯ ਦੀ ਘੰਟੀ ਬਣ ਜਨਮਾਨਸ ਵਿਚ ਖੜਕਦੇ ਰਹਿਣਗੇ, ਸ਼ਾਇਦ ਵਿਧਾਤਾ ਦੀ ਇਹੋ ਨਿਯਤੀ ਹੈ।

ਅਨੰਤ ਦੇ-ਯਾਤਰੂ ਦਾ ਵੰਦਨ !
ਉਸ ਅਥਕ-ਪਥਿਕ ਨੂੰ ਪ੍ਰਣਾਮ...।

- ਸੁਵਰਨ ਸਿੰਘ ਵਿਰਕ, ਕਰੀਵਾਲਾ (ਸਿਰਸਾ)

# ਬੁੱਧ, ਬਿਬੇਕ ਤੇ ਪ੍ਰੇਮਾ ਭਗਤੀ ਦੀ ਤ੍ਰਿਮੂਰਤੀ

# ਡਾ. ਅਮਰ ਭਾਰਤੀ

ਕਿਸਨੇ ਕਿਆਸਿਆ ਸੀ ਕਿ ਦੋ ਢਾਈ ਸਾਲ ਦੇ ਵਕਫੇ ਵਿਚ ਹੀ ਅਸੀਂ ਸਾਹਿਤਕ ਪੱਖੋਂ ਏਨੇ ਕੰਗਾਲ ਹੋ ਜਾਵਾਂਗੇ। ਪਹਿਲਾਂ ਗਏ ਦਰਵੇਸ਼ ਲੇਖਕ, ਸ਼ਾਇਰ ਤੇ ਸਾਖੀਕਾਰ ਮਾਸਟਰ ਨਿਹਾਲ ਸਿੰਘ ਜੀ। ਫਿਰ ਪੱਤਰਾਂ ਵਾਂਚ ਗਏ 'ਬੀਤੇ ਦੀਆਂ ਪੈੜਾਂ' ਜਹੀ ਵੱਡ ਆਕਾਰੀ ਰਚਨਾ ਦੇ ਸਮੱਰਥ ਲੇਖਕ ਪ੍ਰੀਤਮ ਸਿੰਘ ਜੀ ਕਵੀ ਅਤੇ ਹੁਣ ਪਛੋਪਲੇ ਹੀ ਉਡਾਰੀ ਮਾਰ ਗਏ ਹਨ, ਧੁਰੰਧਰ ਵਿਦਵਾਨ ਅਤੇ ਚਰਚਿਤ ਸਾਹਿਤਕਾਰ ਡਾ. ਅਮਰ ਭਾਰਤੀ। ਉਹ ਗਿਆਨ ਦਾ ਸਮੁੰਦਰ ਸਨ। ਹਿੰਦੀ, ਪੰਜਾਬੀ ਅਤੇ ਬੰਗਲਾ ਭਾਸ਼ਾਵਾਂ ਦਾ ਉਹਨਾਂ ਦਾ ਗਿਆਨ ਅਸਧਾਰਨ ਸੀ। ਭਾਰਤ ਦੀ ਸਾਹਿਤ ਅਕਾਦਮੀ ਵਲੋਂ ਉਹ ਬੰਗਲਾ ਦੀਆਂ ਉਤਕ੍ਰਿਸ਼ਟ ਸਾਹਿਤਕ ਕਿਰਤਾਂ ਦੇ ਪੰਜਾਬੀ ਅਨੁਵਾਦ ਲਈ ਸਨਮਾਨੇ ਵੀ ਗਏ ਸਨ। ਉਹਨਾਂ ਦੇ ਘੱਟੋ ਘੱਟ 10 ਅਜੇਹੀਆਂ ਪੁਸਤਕਾਂ ਦੇ ਪੰਜਾਬੀ ਵਿਚ ਅਨੁਵਾਦ ਛਪੇ ਹਨ। ਅਸਾਮੀ ਕਵਿਤਾ ਦੀ ਇਕ ਪੁਸਤਕ ਦਾ ਤਰਜ਼ਮਾ ਵੀ ਉਹਨਾਂ ਦੇ ਜਿੰਮੇ ਲਗਦਾ ਹੈ। ਪੰਜਾਬੀ ਵਿਚ ਉਹਨਾਂ ਦੀਆਂ ਵਿਵਿਧ ਵਿਸ਼ਿਆਂ ਨਾਲ ਸਬੰਧਤ ਛੇ ਪੁਸਤਕਾਂ ਮਿਲਦੀਆਂ ਹਨ। ਜਿਹੜੀਆਂ ਖੋਜ ਖੇਤਰ ਨਾਲ ਸੰਬੰਧਤ ਹਨ। ਗੁਰਬਾਣੀ ਦੇ ਉਘੇ ਰਹੱਸੀਆਂ ਦੀ ਵਿਆਖਿਆ ਵੀ ਕਰਦੀਆਂ ਹਨ। ਸੰਸਮਰਣ ਵੀ ਹਨ। ਰੌਚਕ ਯਾਤਰਾ ਨਿਬੰਧ ਵੀ ਅਤੇ ਗੁਰਬਾਣੀ ਦੇ ਕੇਂਦਰੀ ਧੁਰੇ 'ਸਤਿਗੁਰੂ' ਦੀ ਸ਼ਖਸੀਅਤ ਦਾ ਸ਼ਰਧਾਗਾਨ ਵੀ।

ਉਹ ਮਾਝੇ ਦੇ ਪ੍ਰਸਿੱਧ ਪਿੰਡ ਲੋਪੋਕੇ (ਅੰਮ੍ਰਿਤਸਰ) ਦੇ ਮੂਲ ਨਿਵਾਸੀ ਸਨ, ਜਿਸ ਪਿੰਡ ਨੇ 1871 ਈ. ਦੇ ਅੰਮ੍ਰਿਤਸਰ ਬੁਚੱੜ ਬੱਧ ਵਿਚ ਹਿੱਸਾ ਲੈਣ ਵਾਲੇ ਨਾਮਧਾਰੀ ਵੀ ਤੋਰੇ ਅਤੇ ਗ਼ਦਰ ਪਾਰਟੀ ਲਹਿਰ ਵਿਚ ਫਾਂਸੀ ਕਬੂਲਣ ਵਾਲੇ ਮੇਵਾ ਸਿੰਘ ਜਿਹੇ ਸ਼ਹੀਦ ਵੀ ਪੈਦਾ ਕੀਤੇ। ਵੀਹਵੀਂ ਸਦੀ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦਾ ਪ੍ਰਸਿੱਧ ਨਾਮਧਾਰੀ ਪ੍ਰਚਾਰਕ, ਸਿਧਾਂਤਕਾਰ, ਪੱਤ੍ਰਕਾਰ, ਬੁਲਾਰਾ, ਕਵੀ ਤੇ ਆਜ਼ਾਦੀ ਘੁਲਾਟੀਆ ਸੰਤ ਨਿਧਾਨ ਸਿੰਘ ਆਲਿਮ ਵੀ ਇਸੇ ਪਿੰਡ ਦੀ ਜ਼ਰਖੇਜ਼ ਭੋਇੰ ਵਿਚੋਂ ਉਗਮਿਆ ਸੀ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਡਾ. ਭਾਰਤੀ ਅਤੇ ਉਹਨਾਂ ਜਹੀਆਂ ਹੀ ਸਾਹਿਤਕ ਰੁਚੀਆਂ ਵਾਲੇ ਪਤ੍ਰਕਾਰ ਉਹਨਾਂ ਦੇ ਵੱਡੇ ਭਰਾਤਾ ਸੰਤ ਮੰਗਲ ਸਿੰਘ ਜੀ ਲਾਇਲਪੁਰੀ ਵੀ ਆਲਿਮ ਜੀ ਦੇ ਇਸ ਪ੍ਰਭਾ ਮੰਡਲ ਦੀ ਬਦੌਲਤ ਹੀ ਅੱਖਰਾਂ ਦੀ ਦੁਨੀਆਂ, ਸ਼ਬਦਾਂ ਦੇ ਸੰਸਾਰ ਵੱਲ ਰੁਚਿਤ ਹੋਏ। ਉਂਜ ਪੰਜਾਬੀ ਜਨ-ਜੀਵਨ ਦੇ ਸਫਲ ਚਿਤੇਰੇ, ਉਘੇ ਕਵੀ ਲਾਲਾ ਧਨੀਰਾਮ ਚਾਤ੍ਰਿਕ ਵੀ ਨਾ ਸਿਰਫ ਲੋਪੋਕਿਆਂ ਦੇ ਹੀ ਸਨ ਸਗੋਂ ਭਾਰਤੀ ਪ੍ਰਵਾਰ ਨਾਲ ਨੇੜਿਓਂ ਹੀ ਉਹਨਾਂ ਦੀ ਅੰਗਲੀ ਸੰਗਲੀ ਰਲਦੀ ਸੀ। ਭਾਰਤੀ ਜੀ ਦੀ ਬੋਲੀ ਦੇ ਕੇਂਦਰੀ ਟਕਸਾਲੀ ਪੰਜਾਬੀ ਹੋਣ ਦਾ ਕਾਰਨ 'ਚਾਤ੍ਰਿਕ ਵਰਦਾਨ' ਵੀ ਹੋ ਸਕਦਾ ਹੈ।

ਮੇਰੀ ਪੀੜ੍ਹੀ ਦੇ ਨਾਮਧਾਰੀਆਂ ਵਿਚੋਂ ਘੱਟ ਨੂੰ ਹੀ ਇਹ ਯਾਦ ਹੋਵੇਗਾ ਕਿ ਸਤਿਜੁਗ ਅਤੇ ਹੋਰ ਪੰਜਾਬੀ ਪਤ੍ਰਿਕਾਵਾਂ ਵਿਚ ਅਮਰ ਸਿੰਘ ਦੇ ਨਾਂ ਹੇਠ ਛਪਣ ਵਾਲਾ ਇਹ ਸੱਜਣ ਅਮਰ ਭਾਰਤੀ ਕਦੋਂ ਹੋ ਗਿਆ ਸੀ। ਮੇਰੀ ਉਹਨਾਂ ਦੀ ਪਹਿਲੀ ਯਾਦ 'ਨਵਾਂ ਹਿੰਦੁਸਤਾਨ' ਦਿੱਲੀ ਤੋਂ ਛਪਣ ਵਾਲੇ ਰੋਜ਼ਾਨਾ ਪੰਜਾਬੀ ਅਖਬਾਰ ਦੀ ਸੰਪਾਦਕੀ ਨਾਲ ਜੁੜੀ ਹੋਈ ਹੈ। ਕਰੀਵਾਲਾ (ਸਿਰਸਾ) ਮੇਰੇ ਪਿੰਡ ਵਿਖੇ 1964 ਈ. ਦਾ ਨਾਮਧਾਰੀ ਹੋਲਾ ਮਹੱਲਾ ਸੀ। 'ਨਵਾਂ ਹਿੰਦੁਸਤਾਨ' ਨੇ ਇਸ ਸਮੇਂ ਇਕ ਵਿਸ਼ੇਸ਼ ਅੰਕ ਕੱਢਿਆ ਸੀ ਅਤੇ ਮੇਰੀ ਇਕ ਕਵਿਤਾ ਇਸ ਵਿਚ ਛਪੀ ਸੀ - 'ਲੋਕਾਂ ਦੀਆਂ ਹੋਲੀਆਂ ਤੇ ਖਾਲਸੇ ਦਾ ਹੋਲਾ ਏ' ਉਸ ਤੋਂ ਅਗਲੇ ਵਰ੍ਹੇ ਗਰਮੀਆਂ ਦੇ ਦਿਨਾਂ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਹਿਲਾ ਵਿਦਿਅਕ ਸੰਮੇਲਨ ਹੋਇਆ। ਇਹ ਤਾਂ ਹੁਣ ਯਾਦ ਨਹੀਂ ਕਿ ਭਾਰਤੀ ਜੀ ਉਸ ਸੰਮੇਲਨ ਵਿਚ ਹਾਜ਼ਰ ਸਨ ਜਾਂ ਨਹੀਂ। ਪਰ ਉਹਨਾਂ ਦੁਆਰਾ ਲਿਖੀ ਹੋਈ ਪੁਸਤਕ 'ਸਿੱਖ ਇਤਿਹਾਸ ਤੇ ਕੂਕੇ-ਇਕ ਤੁਲਨਾਤਮਕ ਅਧਿਐਨ' ਉਸ ਸੰਮੇਲਨ ਵਿਚ ਹੀ ਪੜ੍ਹਨ ਨੂੰ ਮਿਲੀ। ਪੁਸਤਕ ਦਾ ਪਹਿਲਾ ਅਧਿਆਇ 'ਦ੍ਰਿਸ਼ਟੀਕੋਣ ਦੀ ਅਰਾਜਕਤਾ' ਆਪਣੇ ਨਾਂ ਤੋਂ ਵੀ ਖਿੱਚ ਪਾਉਂਦਾ ਸੀ ਅਤੇ ਜਿਵੇਂ ਜਿਵੇਂ ਪਾਠਕ ਇਸ ਵਿਚੋਂ ਗੁਜ਼ਰਦਾ ਸੀ, ਉਹ ਆਪਣੀ ਬੌਧਿਕ ਸਮਰੱਥਾ ਵਿਚ ਨਿਸਚਿਤ ਵਾਧਾ ਵੀ ਕਰਦਾ ਸੀ ਅਤੇ ਲੇਖਕ ਦੀ ਇਤਿਹਾਸ ਦ੍ਰਿਸ਼ਟੀ ਦੇ ਬਲਿਹਾਰੇ ਵੀ ਜਾਂਦਾ ਸੀ। ਇਹ ਉਹ ਸਮਾਂ ਸੀ ਜਦੋਂ ਡਾ. ਗੰਡਾ ਸਿੰਘ ਜੀ ਜਹੇ ਪੰਜਾਬ ਦੇ ਇਤਿਹਾਸਕਾਰ, ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਪੰਜਾਬ ਵਿਚ ਚੱਲੇ ਸੁਤੰਤਰਤਾ ਸੰਗ੍ਰਾਮ, ਅੰਗਰੇਜ਼ ਸਰਕਾਰ ਵਿਰੁੱਧ ਪਹਿਲੇ ਅਸਹਿਯੋਗ ਅੰਦੋਲਨ, ਬਾਈਕਾਟ ਵਗੈਰਾ ਤੋਂ ਮੁਨਕਰ ਹੋ ਰਹੇ ਸਨ। ਭਾਈ ਜੋਧ ਸਿੰਘ ਅਭਿੰਦਨ ਗ੍ਰੰਥ - ਪੰਜਾਬ ਵਿਚ ਜੋ 60 ਵਿਆਂ ਵਿਚ ਹੀ ਛਪਿਆ ਸੀ, ਵਿਚ ਡਾ. ਗੰਡਾ ਸਿੰਘ ਹੋਰਾਂ ਦੀਆਂ ਅਜਿਹੀਆਂ ਪ੍ਰਸਥਾਪਨਾਵਾਂ ਦੀ ਕਾਟ, ਅਮਰ ਭਾਰਤੀ ਹੋਰਾਂ ਇਸੇ ਗਰੰਥ 'ਪੰਜਾਬ' ਦੇ ਹੋਰ ਲੇਖਕਾਂ ਦੇ ਹਵਾਲਿਆਂ ਨਾਲ ਕੀਤੀ ਸੀ। ਭਾਰਤੀ ਜੀ ਤੇ ਤਰਕ ਅਕੱਟ ਸਨ ਅਤੇ

ਇਤਿਹਾਸ ਦੀਆਂ ਕਈ ਹਨੇਰੀਆਂ ਗੁਫਾਂ ਨੂੰ ਫਰੋਲ ਕੇ ਉਹਨਾਂ ਨੇ ਕਿੰਨਾ ਕੁੱਝ ਨਵਾਂ ਨਵਾਂ ਤੇ ਉਜੱਲਾ ਉਜੱਲਾ ਪ੍ਰਗਟ ਕੀਤਾ ਸੀ ਅਤੇ ਸਿੱਧ ਕੀਤਾ ਸੀ ਕਿ ਮਹਾਤਮਾ ਗਾਂਧੀ ਜੀ ਨੇ ਆਪਣੇ ਕੌਮੀ ਅੰਦੋਲਨ ਤੇ ਸਵਦੇਸ਼ੀ ਵਾਲੇ ਮਕਬੂਲ ਨਾਹਰੇ ਸਤਿਗੁਰੂ ਰਾਮ ਸਿੰਘ ਜੀ ਤੋਂ ਹੀ ਲਏ ਸਨ। ਸੰਤ ਨਿਧਾਨ ਸਿੰਘ ਆਲਿਮ ਦੀ ਤਿੰਨ ਭਾਗਾਂ ਵਿਚ ਛਪੀ ਪੁਸਤਕ 'ਗੁਰੂ ਪਦ ਪ੍ਰਕਾਸ਼' ਤੋਂ ਬਾਅਦ ਇਹ ਭਾਰਤੀ ਜੀ ਦੀ ਕਿਤਾਬ ਸੀ ਜੋ ਨਾਮਧਾਰੀ ਲੇਖਕਾਂ ਅਤੇ ਪ੍ਰਚਾਰਕਾਂ ਨੂੰ ਜ਼ੁਬਾਨ ਦਿੰਦੀ ਸੀ ਅਤੇ ਇਸਦੀ ਨਾਮਧਾਰੀ ਅਤੇ ਹੋਰ ਸਾਹਿਤਕ ਹਲਕਿਆਂ ਵਿਚ ਮਕਬੂਲੀਅਤ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਦਾ ਸੀ ਕਿ ਪਹਿਲੇ ਐਡੀਸ਼ਨ ਤੋਂ ਦੋ ਸਾਲ ਬਾਅਦ 1966 ਈ. ਵਿਚ ਹੀ ਇਸਦਾ ਦੂਸਰਾ ਐਡੀਸ਼ਨ ਛਾਪਣਾ ਪਿਆ।

'ਨਵਾਂ ਹਿੰਦੁਸਤਾਨ' ਪਹਿਲਾਂ ਸਪਤਾਹਿਕ ਸੰਤ ਮੰਗਲ ਸਿੰਘ ਲਾਇਲਪੁਰੀ ਜੀ ਨੇ ਦਿੱਲੀ ਤੋਂ ਹੀ ਸ਼ੁਰੂ ਕੀਤਾ ਸੀ। ਸੰਤ ਮੰਗਲ ਸਿੰਘ ਲਾਇਲਪੁਰੀ ਦੇ ਸੁਰਗਵਾਸ ਹੋਣ ਤੋਂ ਕੁੱਝ ਸਮਾਂ ਪਹਿਲਾਂ ਇਸਨੂੰ ਅਮਰ ਭਾਰਤੀ ਜੀ ਨੇ ਸੰਪਾਦਤ ਕਰਨਾ ਸ਼ੁਰੂ ਕਰ ਦਿਤਾ। ਉਦੋਂ ਤਕ ਇਹ ਰੋਜ਼ਾਨਾ ਵੀ ਹੋ ਚੁਕਿਆ ਸੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਇਸਨੂੰ ਆਪਣੇ ਸੰਰਕਸ਼ਣ ਵਿਚ ਲੈ ਕੇ ਨਾਮਧਾਰੀ ਸੰਗਤ ਦਾ ਅਖਬਾਰ ਬਣਾ ਦਿਤਾ। ਇਹ ਉਦੋਂ ਜਿਲ੍ਹਾ ਸਿਰਸਾ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਰੋਜ਼ਾਨਾ ਪਹੁੰਚਦਾ ਸੀ ਅਤੇ ਕਾਮਰੇਡ ਪ੍ਰਕਾਸ਼ ਸਿੰਘ ਰਾਇਸਰੀ (ਉਘੇ ਕਵੀ ਸੰਤ ਰਾਮ ਉਦਾਸੀ ਦੇ ਵੱਡੇ ਭਾਈ) ਇਸਨੂੰ ਸਾਈਕਲ ਤੇ ਸਿਰਸਿਊ ਲਿਆ ਕੇ ਇਲਾਕਾ ਜੀਵਨ ਨਗਰ ਦੇ ਪਿੰਡਾਂ ਵਿਚ ਰੋਜ਼ਾਨਾ ਵਿਤਰਿਤ ਕਰਦੇ ਸਨ। ਵਿਸ਼ਵ ਸਤਰ ਤੇ ਇਹ ਸਮਾਂ ਠੰਡੀ ਜੰਗ ਦਾ ਸਮਾਂ ਸੀ। ਸੋਵੀਅਤ ਸੰਘ ਦੀ ਅਗੁਆਈ ਵਿਚ ਦੁਨੀਆਂ ਭਰ ਦੀਆਂ ਸ਼ਾਂਤੀਕਾਮੀ ਸ਼ਕਤੀਆਂ ਭਾਰਤ ਸਮੇਤ ਸਰਗਰਮ ਸਨ। ਸਤਿਗੁਰੂ ਜਗਜੀਤ ਸਿੰਘ ਜੀ ਉਦੋਂ ਪੰਜਾਬ ਅਮਨ ਕੌਂਸਲ ਦੇ ਸਤਿਕਾਰਤ ਪ੍ਰਧਾਨ ਸਨ। ਵੀਅਤਨਾਮ ਵਿਚ ਅਮਰੀਕੀ ਧੌਂਸ ਪੱਟੀ ਦੇ ਬਖੀਏ ਭਾਰਤੀ ਜੀ ਆਪਣੇ ਅਖਬਾਰ ਵਿਚ ਉਧੇੜਦੇ ਸਨ ਅਤੇ ਸੰਸਾਰ ਅਮਨ ਲਈ ਵੀ ਦਿਲ ਖੋਲ੍ਹ ਕੇ ਲਿਖਦੇ। ਅਖਬਾਰ ਦੀ ਨੀਤੀ ਅੱਗੇ ਵਧੂ, ਜਮਹੂਰੀਅਤ ਪਸੰਦ ਅਤੇ ਧਰਮ ਨਿਰਪੱਖ ਸੀ। ਇਹੋ ਸਮਾਂ ਪੰਜਾਬੀ ਸੂਬੇ ਦੀ ਸਥਾਪਨਾ ਲਈ ਲਗਣ ਵਾਲੇ ਅਕਾਲੀ ਮੋਰਚਿਆਂ ਦਾ ਸਮਾਂ ਵੀ ਸੀ।

ਭਾਰਤੀ ਜੀ ਨੇ ਆਪਣੇ ਪਰਚੇ ਵਿਚ ਉਤੋੜਿਤੀ ਮੁੱਖ ਲੇਖ ਤੇ ਹੋਰ ਲੇਖ ਲਿਖਕੇ ਭਾਸ਼ਾ ਦੇ ਸੁਆਲ ਤੇ ਸਿੱਖ ਅਤੇ ਹਿੰਦੂ ਫਿਰਕਾਪ੍ਰਸਤਾਂ ਦੀਆਂ ਕੱਟੜ ਸਥਾਪਨਾਵਾਂ ਦਾ ਵਿਰੋਧ ਕੀਤਾ। ਉਹਨਾਂ ਨੇ ਬਾਗੜੀ ਅਤੇ ਪਹਾੜੀ ਆਦਿ ਨੂੰ ਪੰਜਾਬੀ ਦੀਆਂ ਉਪ ਭਾਖਾਵਾਂ ਦੱਸਦੇ ਹੋਏ ਵਿਸ਼ਾਲ ਪੰਜਾਬੀ ਸੂਬੇ ਦੀ ਹਮਾਇਤ ਕੀਤੀ ਸੀ। ਪਰ ਕਿਉਂਕਿ ਅਕਾਲੀ ਸੱਜਣ ਉਹ ਖਿੱਤਾ ਚਾਹੁੰਦੇ ਸਨ, ਜਿਸ ਵਿਚ ਸਿੱਖ ਬਹੁ ਗਿਣਤੀ ਆ ਜਾਣ, ਇਸ ਲਈ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਹਿਮਾਚਲ ਜਾਂ ਹਰਿਆਣੇ ਵਿਚ ਚਲੇ ਗਏ। ਪੰਜਾਬੋਂ ਬਾਹਰਲੇ ਪੰਜਾਬੀ ਭਾਸ਼ੀਆਂ ਨੂੰ ਜੇ ਭਾਰਤੀ ਜੀ ਦੇ ਉਹ ਲੇਖ ਸੁਣਾਏ, ਪੜ੍ਹਾਏ ਜਾਣ ਤਾਂ ਉਹ ਕਹਿ ਸਕਦੇ ਹਨ ਕਿ ਜੋ ਦੁਰਦਸ਼ਾ ਹੁਣ ਭੋਗ ਰਹੇ ਹਾਂ, ਇਸ ਬਾਰੇ ਉਸ ਸਿਆਣੇ ਬੰਦੇ ਨੂੰ ਕਿੰਨੀ ਦੂਰਅੰਦੇਸ਼ੀ ਵਾਲੀ ਸੂਝ ਸੀ। ਉਹਨਾਂ ਲੇਖਾਂ ਦਾ ਇਕ ਕਿਤਾਬਚਾ 'ਪੰਜਾਬੀ ਸੂਬਾ ਤੇ ਅਸੀਂ ਪੰਜਾਬੀ' ਛਪਿਆ ਸੀ, ਜਿਸਦੇ ਮੁੱਖ ਸ਼ਬਦ ਵਿਚ 7 ਜਨਵਰੀ 1966 ਨੂੰ ਭਾਰਤੀ ਹੋਰਾਂ ਨੇ ਲਿਖਿਆ ਸੀ –

'ਪੰਜਾਬ ਵਿਚ ਭਾਸ਼ਾ ਦੀ ਚਰਚਾ ਹਿੰਦੂ ਸਿੱਖ ਦੇ ਨਾਮ ਉਤੇ ਹੋ ਰਹੀ ਹੈ, ਜਿਸਨੂੰ ਅਸੀਂ ਪੰਜਾਬ ਲਈ ਚੰਗੀ ਗੱਲ ਨਹੀਂ ਸਮਝਦੇ। ਪੰਜਾਬ ਵਿਚ ਜਿਹੜੇ ਹਿੰਦੀ ਲਈ ਲੜਦੇ ਹਨ ਉਹ ਹਿੰਦੀ ਨਹੀਂ ਜਾਣਦੇ ਤੇ ਜਿਹੜੇ ਪੰਜਾਬੀ ਦੀ ਦੁਹਾਈ ਦਿੰਦੇ ਹਨ ਉਹ ਪੰਜਾਬੀ ਦੀ ਮਰਿਆਦਾ ਨਹੀਂ ਪਛਾਣਦੇ। ਅਸੀਂ ਦੇਸ਼ ਦੀ ਅਖੰਡਤਾ, ਕੌਮੀ ਏਕਤਾ ਤੇ ਧਾਰਮਕ ਸਹਿਹੋਂਦ ਦੇ ਵਿਸ਼ਵਾਸ਼ੀ ਹਾਂ ਇਸ ਲਈ ਕਿਸੇ ਦੀ ਅਜੇਹੀ ਗੱਲ ਦੀ ਹਮਾਇਤ ਨਹੀਂ ਕਰਦੇ, ਜਿਹੜੀ ਕਿਸੇ ਭੀ ਤਰ੍ਹਾਂ ਦੇਸ਼ ਦੇ ਲੋਕਾਂ ਨੂੰ ਆਪਸ ਵਿਚ ਪਾੜਦੀ ਹੋਵੇ, ਸ਼ੱਕ ਸ਼ਕੂਕ ਪੈਦਾ ਕਰਦੀ ਹੋਵੇ ਤੇ ਪਰਸਪਰ ਝਗੜਿਆਂ ਦਾ ਕਾਰਨ ਬਣਦੀ ਹੋਵੇ।'

"...ਜਿਥੋਂ ਤਕ ਭਾਸ਼ਾ ਦੇ ਆਧਾਰ ਉਤੇ ਸੂਬਿਆਂ ਦੀ ਰਚਨਾ ਦਾ ਸਵਾਲ ਹੈ ਅਸੀਂ ਉਸਦੀ ਹਮਾਇਤ ਕਰਦੇ ਹਾਂ, ਪਰ ਜੇ ਏਸੇ ਹੀ ਸਵਾਲ ਨੂੰ ਗਲਤ ਢੰਗ ਨਾਲ ਤੇ ਹੋਰ ਮਨੋਰਥਾਂ ਨਾਲ ਪੇਸ਼ ਕਰਕੇ ਇਸ ਬਾਰੇ ਦੂਜੀਆਂ ਧਿਰਾਂ ਵਿਚ ਭੁਲੇਖੇ ਪੈਦਾ ਕਰ ਦਿਤੇ ਗਏ ਹੋਣ, ਜਿਸ ਨਾਲ ਇਕੋ ਦੇਸ਼, ਇਕੋ ਪ੍ਰਾਂਤ ਵਿਚ ਰਹਿਣ ਵਾਲੇ ਲੋਕਾਂ ਵਿਚ ਇਕ ਦੂਜੇ ਦੇ ਪ੍ਰਤੀ ਸ਼ੱਕ ਤੇ ਡਰ ਦੀ ਭਾਵਨਾ ਪੈਦਾ ਹੁੰਦੀ ਹੋਵੇ ਤਾਂ ਅਸੀਂ ਉਲਾਰ ਦ੍ਰਿਸ਼ਟੀਕੋਣ ਛੱਡਕੇ, ਉਹ ਰਾਹ ਤਲਾਸ਼ ਕਰਨ ਦੇ ਹੱਕ ਵਿਚ ਹਾਂ, ਜਿਸ ਨਾਲ ਦੇਸ਼ ਦੀ ਸਭ ਤੋਂ ਕੀਮਤੀ ਚੀਜ਼ ਕੌਮੀ ਤੇ ਮਜ਼ਹਬੀ ਏਕਤਾ ਨੂੰ ਸੱਟ ਨਾ ਵੱਜੇ।"

ਭਾਰਤੀ ਹੋਰਾਂ ਦੇ ਜੀਵਨ ਵਿਚ ਯਾਤਰਾ ਅਤੇ ਵਿਸ਼ੇਸ਼ ਕਰਕੇ ਪਰਬਤ ਯਾਤਰਾ ਨਾਲ ਗੂੜਾ ਲਗਾਉ ਸੀ। ਉਹ ਪ੍ਰਤੱਖ ਨੂੰ ਪ੍ਰਮਾਣ ਨਹੀਂ ਦੇ ਅਸੂਲ ਦੇ ਧਾਰਨੀ ਸਨ। ਮੈਂ ਉਦੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕਾਨੂੰਨ ਵਿਭਾਗ ਦਾ ਵਿਦਿਆਰਥੀ ਸਾਂ। ਕਾਮਰੇਡ ਜਸਵੰਤ ਸਿੰਘ ਜੋਸ਼ ਹੋਰਾਂ ਦਾ ਉਹ ਆਖਰੀ ਸਾਲ ਸੀ ਕਾਨੂੰਨ ਵਿਚ ਤੇ ਮੇਰਾ ਪਹਿਲਾ। ਉਹ ਮੇਰੇ ਤੋਂ ਪਹਿਲਾਂ ਦੇ ਭਾਰਤੀ ਜੀ ਦੇ ਪ੍ਰਸ਼ੰਸਕ ਸਨ, ਦਿੱਲੀ ਉਹਨਾ ਪਾਸ ਕਾਫੀ ਸਮਾਂ ਰਹਿੰਦੇ ਰਹੇ ਸਨ ਅਤੇ ਉਹ ਹੁਣ 16 ਸੈਕਟਰ ਵਿਚ ਹਰਚਰਨ ਸਿੰਘ ਨਿਰਮਾਣ ਕੋਲ ਰਹਿ ਰਹੇ ਸਨ, ਉਹ ਵੀ ਭਾਰਤੀ ਜੀ ਦੇ ਮਿੱਤਰ ਸਨ। 25 ਜਨਵਰੀ, 1971 ਦੀ ਸ਼ਾਮ ਨੂੰ ਭਾਰਤੀ ਜੀ ਚੰਡੀਗੜ੍ਹ ਆਏ ਅਤੇ ਸਾਨੂੰ ਵੀ ਨਾਲ ਤੋਰ ਲਿਆ ਕਿ ਸ਼ਿਮਲੇ ਵਿਚ ਬਰਫ ਪੈ ਰਹੀ ਹੈ। 26 ਜਨਵਰੀ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਹਿਮਾਚਲ ਨੂੰ ਪੂਰੇ ਰਾਜ ਦਾ ਦਰਜਾ ਦੇ ਕੇ ਮੁੜ ਰਹੇ ਸਨ ਅਤੇ

ਅਸਾਂ ਸ਼ਿਮਲੇ ਨੂੰ ਜਾ ਰਹੀ ਆਪਣੀ ਬੱਸ ਵਿਚੋਂ ਉਹਨਾਂ ਦੇ ਪਲੇਠੇ ਦਰਸ਼ਨ ਕੀਤੇ। ਪਹਿਲਾਂ ਇਕ ਹੋਟਲ ਵਿਚ ਟਿਕੇ, ਫਿਰ ਇਕ ਰਾਤ ਗੁਰਦੁਆਰੇ ਵੀ ਕੱਟੀ। ਦੋਵੇਂ ਦਿਨ ਕਿਣ ਮਿਣ ਹੁੰਦੀ ਰਹੀ ਬਰਫ ਪੈਂਦੀ ਵੇਖਣ ਦੀ ਰੀਝ ਕਿਸੇ ਅਗਲੇ ਸਮੇਂ ਤੇ ਪਾ ਕੇ ਮੁੜ ਆਏ। ਪਰ ਇਹਨਾਂ ਦੋਹਾਂ ਤਿੰਨਾਂ ਦਿਨਾਂ ਵਿਚ ਭਾਰਤੀ ਜੀ ਦੇ ਨਿੱਘੇ ਸੁਭਾਅ ਤੇ ਮਿਲਾਪੜੀ ਸ਼ਖਸੀਅਤ ਦੇ ਦਰਸ਼ਨ ਨੇੜਿਉਂ ਹੋ ਕੇ ਕਰਨ ਦਾ ਮੌਕਾ ਮਿਲਿਆ। ਉਹ ਫੈਸਲਾ ਕਰਨ ਲੱਗੇ ਵੀ ਚਿਰ ਨਹੀਂ ਸਨ ਲਾਉਂਦੇ। ਇਹ ਠੀਕ ਹੈ ਇਥੇ ਟਿਕ ਜਾਈਏ। ਨਹੀਂ ਠੀਕ ਤਾਂ ਚਲੋ ਅਗਲੀ ਭਾਲ ਵਿਚ ਨਿਕਲੀਏ। ਅਸੀਂ ਉਹਨਾਂ ਨਾਲੋਂ ਉਮਰ ਵਿਚ ਭਾਵੇਂ ਚੌਥਾਈ ਸਦੀ ਛੋਟੇ ਸਾਂ ਪਰ ਆਪਣੇ ਵਰ੍ਹਿਆਂ ਤੇ ਇਕ ਸਥਾਪਤ ਲੇਖਕ, ਪੱਤ੍ਰਕਾਰ ਵਾਲੇ ਰੁਤਬੇ ਦਾ ਰੋਅਬ ਉਹ ਹਮਸਫਰਾਂ ਤੇ ਪਾਉਣ ਦੇ ਆਦੀ ਨਹੀਂ ਸਨ। ਇਸ ਤੋਂ ਬਾਅਦ ਖਤਾਂ-ਪੱਤਰਾਂ ਦੀ ਸਾਂਝ ਬਣੀ ਰਹੀ। ਇਹ ਜਾਣ ਕੇ ਕਿ ਮੈਂ ਕਮਿਉਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ ਹਾਂ ਜਾਂ ਹੋਣ ਵਾਲਾ ਹਾਂ ਉਹਨਾਂ ਨੇ ਇਸ ਬਿਮਖ ਮਾਰਗ ਦੀਆਂ ਅਉਕੜਾਂ ਬਾਰੇ, ਤਦੋਕੀ ਵਿਸ਼ਵ ਪ੍ਰਸਥਿਤੀ ਦੇ ਸਬੰਧ ਵਿਚ ਇਕ ਲੰਮਾ ਖਤ ਮੈਨੂੰ ਲਿਖਿਆ ਜੋ ਮੇਰੇ ਪਾਸ ਅਜੇ ਵੀ ਸਾਂਭਿਆ ਪਿਆ ਹੈ।

ਫਿਰ ਲੰਮਾ ਸਮਾਂ ਭਾਰਤੀ ਜੀ ਦੇ ਦਰਸ਼ਨਾਂ ਦਾ ਸਬੱਬ ਨਾ ਬਣਿਆ। 'ਨਵਾਂ ਹਿੰਦੁਸਤਾਨ' ਚਿਰੋਕਣਾਂ ਬੰਦ ਹੋ ਚੁੱਕਾ ਸੀ। ਜੋਸ਼ ਜੀ ਤੋਂ ਪਤਾ ਲਗਦਾ ਰਹਿੰਦਾ ਕਿ ਉਹ ਹਰੀ ਨਗਰ ਦਿੱਲੀ ਵਿਚ ਰਹਿੰਦੇ ਹਨ। ਹੋਮਿਓਪੈਥੀ ਦੀ ਆਪਣੀ ਦੁਕਾਨ ਚਲਾਉਂਦੇ ਹਨ ਤੇ ਪਠਨ ਪਾਠਨ ਵਿਚ ਰੁੱਝੇ ਰਹਿੰਦੇ ਹਨ। ਇਸ ਸਮੇਂ ਦੌਰਾਨ ਉਹਨਾਂ ਦੀਆਂ ਕਈ ਖ਼ੂਬਸੂਰਤ ਕਹਾਣੀਆਂ ਅੰਮ੍ਰਿਤਾ ਪ੍ਰੀਤਮ ਹੋਰਾਂ ਦੁਆਰਾ ਸੰਪਾਦਿਤ 'ਨਾਗਮਣੀ' ਵਿਚ ਪੜ੍ਹਨ ਨੂੰ ਮਿਲਦੀਆਂ। ਜ਼ਿਆਦਾ ਕਹਾਣੀਆਂ ਪਹਾੜੀ ਜਨ-ਜੀਵਨ ਬਾਰੇ ਹੁੰਦੀਆਂ। ਇਕ ਕਹਾਣੀ ਵਿਚ ਉਹਨਾਂ ਲਿਖਿਆ ਸੀ ਕਿ ਪਹਾੜ ਵਿਚ ਤਿੰਨ ਡਬਲਿਊ ਐਸੇ ਨੇ ਜਿਹਨਾਂ ਤੋਂ ਸੁਚੇਤ ਰਹਿਣਾ ਪੈਂਦਾ ਹੈ। ਵੇਅ (ਰਸਤਾ), ਵੈਦਰ (ਮੌਸਮ) ਤੇ ਵੂਮੈਨ (ਔਰਤ)। ਆਪਣੇ ਨਿੱਜੀ ਜੀਵਨ ਵਿਚ ਵੀ ਇਸ ਸੁਚੇਤ ਬਿਰਤੀ ਕਾਰਨ ਹੀ ਉਹਨਾਂ ਏਕਾਕੀ ਜੀਵਨ ਪਸੰਦ ਕੀਤਾ। ਇਹ ਵੱਖਰੀ ਗੱਲ ਹੈ ਕਿ ਰੰਗਾਂ ਸੁਗੰਧਾਂ ਦੀ ਦੁਨੀਆਂ ਤੇ ਛਾ ਜਾਣ ਵਾਲੇ ਕੁੱਝ ਲੋਕਾਂ ਦਾ ਸਾਥ ਉਹਨਾਂ ਨੂੰ ਅੱਲੜ੍ਹ ਵਰੇਸ ਵਿਚ ਹੀ ਮਿਲ ਗਿਆ ਸੀ। ਬਾਅਦ ਵਿਚ ਇਕ ਖਲਾਅ ਉਹਨਾਂ ਦੀ ਹੋਂਦ ਵਿਚ ਜਿਵੇਂ ਹਾਜ਼ਰ ਰਹਿੰਦਾ। ਇਸ ਸਦੀਵੀਂ ਤਲਾਸ਼, ਭਟਕਣ ਦੇ ਵਿਸਮਾਦੀ ਰੰਗ ਵਿਚ ਹੀ ਉਹਨਾਂ ਨੇ ਜ਼ਿੰਦਗੀ ਨੂੰ ਇਸਦੇ ਅਸਲੀ ਅਰਥਾਂ ਵਿਚ ਸਮਝਣ ਦਾ ਵੱਲ ਸਿੱਖਿਆ। ਆਪਣੀ ਜ਼ਿੰਦਗੀ ਦਾ ਮਨੋਰਥ ਤਲਾਸ਼ਦਿਆਂ ਹੀ ਕਮਿਉਨਿਸਟ ਪਾਰਟੀ ਦੇ ਕੁੱਲਵਕਤੀ ਜੀਵਨ ਤੋਂ ਫਿਰ ਆਪਣੇ ਮੂਲ ਨਾਮਧਾਰੀ ਪੰਥ ਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਜੁੜਕੇ ਉਹ ਸਰਬੱਤ ਦੇ ਭਲੇ ਅਤੇ ਲੋਕ ਮੰਗਲ ਦੀ ਜਨ-ਕਲਿਆਣਕਾਰੀ ਭਾਵਨਾ ਨਾਲ ਓਤ-ਪ੍ਰੋਤ ਰਹੇ। ਸਤਿਗੁਰੂ ਜਗਜੀਤ ਸਿੰਘ ਦੇ ਵਰਦ ਹਸਤ ਤੇ ਮੁਹੱਬਤ ਨਾਲ ਸ਼ਰਸ਼ਾਰ ਹੋਇਆ ਇਹ ਲੇਖਕ ਮਾਰਕਸ, ਗਾਂਧੀ, ਵਿਨੋਬਾ ਭਾਵੇ, ਰਾਬਿੰਦਰ ਨਾਥ ਟੈਗੋਰ ਤੇ ਸਤਿਗੁਰੂ ਰਾਮ ਸਿੰਘ ਨੂੰ ਆਪਣੇ ਚਿੰਤਨ ਦੇ ਕੇਂਦਰੀ ਬਿੰਦੂ ਮਿੱਥਦਾ ਸੀ। ਪੰਜਾਬੀ ਲੇਖਕਾਂ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਮਨ ਮੰਦਰ ਵਿਚ ਨਵੀਂ ਰੋਸ਼ਨੀ ਭਰ ਦਿਤੀ। ਨਾਨਕ ਸਿੰਘ ਨਾਵਲਿਸਟ ਦੇ ਬਹੁਤੇ ਪਾਤਰਾਂ ਵਿਚੋਂ ਉਹ ਖੁਦ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਕਰਦਾ ਰਹਿੰਦਾ। ਵਿਕਟਰ ਹਿਊਗੋ, ਗੋਰਕੀ ਤੇ ਡਿਕਨਜ਼ ਪੰਜਾਬੀ ਵਿਚ ਅਨੁਵਾਦਿਤ ਹੋਏ ਪੜ੍ਹੇ ਗਏ। ਪ੍ਰਭਾਕਰ ਮਾਚਵੇ, ਨਾਗਅਰਜੁਨ, ਅੰਮ੍ਰਿਤਾ ਪ੍ਰੀਤਮ, ਸ੍ਰ. ਸ਼ੋਭਾ ਸਿੰਘ ਆਰਟਿਸਟ, ਭਾਪਾ ਪ੍ਰੀਤਮ ਸਿੰਘ ਆਦਿ ਦੀ ਸੰਗਤ ਸਾਥ ਨੇ ਵੀ ਉਹਨਾਂ ਨੂੰ ਮੁੜ ਮੁੜ ਤਰਾਸ਼ਿਆ ਅਤੇ ਮਨੁੱਖ ਹਿੱਤੂ ਚਿੰਤਨ ਵਿਚ ਹੋਰ ਪਰਪੱਕ ਕੀਤਾ। ਉਹ ਆਚਾਰੀਆ ਰਜਨੀਸ਼ ਦੀਆਂ ਵਿਆਖਿਆਵਾਂ ਦਾ ਵੀ ਪ੍ਰਭਾਵ ਕਬੂਲਦੇ ਸਨ ਅਤੇ ਹਰਦੁਆਰ ਦੇ ਸਵਾਮੀ ਮ੍ਰਿਤੂੰਜਯ ਤੋਂ ਅਰਵਿੰਦੂ ਸਾਹਿਤ ਸਮਝਣ ਲਈ ਸਾਧਨਾ ਦੇ ਮਾਰਗ ਦਾ ਸਫਰ ਵੀ ਕੀਤਾ, ਪ੍ਰਾਣਯਾਮ ਵੀ ਸਿੱਖਿਆ। ਸ਼ਾਂਤੀ ਨਿਕੇਤਨ ਦੀ ਯਾਤਰਾ ਦੇ ਸਾਰਥਕ ਪ੍ਰਭਾਵਾਂ ਦਾ ਵੇਰਵਾ ਉਹਨਾਂ ਦੀ ਪੁਸਤਕ 'ਮੈਂ ਅਜੇ ਵਾਪਸ ਨਹੀਂ ਆਇਆ' ਵਿਚ ਮਿਲਦਾ ਹੈ। ਉਥੇ ਸ੍ਰੀ ਸੁਧੀ ਰੰਜਨ ਦਾਸ ਨੇ, ਜੋ ਨਿਆਂਇਕ ਜੀਵਨ ਤੋਂ ਸੇਵਾ ਮੁਕਤ ਹੋ ਏਥੇ ਵਿਸ਼ਵ ਭਾਰਤੀ ਯੂਨੀਵਰਸਿਟੀ ਦੇ ਉਪ ਕੁਲਪਤੀ ਸਨ, ਸਨੇਹ ਦਾ ਪਾਤਰ ਬਣਾਈ ਰੱਖਿਆ। ਹਰ ਤਾੜਨ ਵਾਲੀ ਅੱਖ ਆਪਣੇ ਕੰਮ ਵਾਲਿਆਂ ਨੂੰ ਭਾਲ ਲੈਂਦੀ ਹੈ।

ਹੁਣ ਵਰਿਆਮ ਵਿਚ ਛਪਣ ਵਾਲੇ ਯਾਤਰਾ ਸੰਸਮਰਣਾਂ ਲੇਖਾਂ ਆਦਿ ਵਿਚੋਂ ਉਹਨਾਂ ਦੇ ਦਰਸ਼ਨ ਹੁੰਦੇ ਸਨ। ਮੈਂ 1992 ਈ. ਵਿਚ ਹੈਦਰਾਬਾਦ ਵਿਖੇ ਭਾਰਤੀ ਕਮਿਉਨਿਸਟ ਪਾਰਟੀ ਦੀ ਕੌਮੀ ਕੌਂਸਲ ਦਾ ਮੈਂਬਰ ਚੁਣਿਆ ਗਿਆ। ਇਸ ਲਈ ਪਾਰਟੀ ਦੇ ਕੇਂਦਰੀ ਦਫਤਰ ਅਜੈ ਭਵਨ, ਨਵੀਂ ਦਿੱਲੀ ਵਿਚ ਤਿੰਨ ਚਾਰ ਮਹੀਨਿਆਂ ਵਿਚ ਇਕ ਗੇੜਾ ਲਗਦਾ। ਇਸੇ ਸਾਲ ਦੇ ਸਿਤੰਬਰ ਮਹੀਨੇ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ ਹੋਰਾਂ ਦੇ ਘਰ ਦਿੱਲੀ ਵਿਖੇ ਹੀ ਮਾਸਟਰ ਨਿਹਾਲ ਸਿੰਘ ਜੀ, ਤਾਰਾ ਸਿੰਘ ਅਨਜਾਣ, ਜਸਵਿੰਦਰ ਸਿੰਘ ਹਿਸਟੋਰੀਅਨ, ਐਸ.ਐਸ. ਮਨਧੀਰ, ਕਵੀ ਪੁੱਤਰ ਮਨਧੀਰ ਜੀ ਅਤੇ ਦਿੱਲੀ ਦੇ ਕੁੱਝ ਹੋਰ ਸਿੰਘਾਂ ਨਾਲ 3-4 ਘੰਟੇ ਦੀ ਲੰਮੀ ਗੋਸ਼ਟ ਭਾਰਤੀ ਜੀ ਨਾਲ ਹੋਈ। ਸੋਵੀਅਤ ਸਮਾਜਵਾਦੀ ਖੇਮੇ ਦੇ ਟੁੱਟਣ ਤੋਂ ਬਾਅਦ ਬਦਲਦੇ ਸੰਸਾਰ ਨਕਸ਼ੇ ਦੇ ਸਬੰਧ ਵਿਚ ਛੋਟੀਆਂ ਕੌਮੀਅਤਾਂ ਦੀ ਪਛਾਣ ਦੇ ਮਸਲੇ ਵੀ ਉਭਰੇ ਤੇ ਸਾਂਝੀਵਾਲਤਾ ਵਾਲੇ ਵਿਸ਼ਵ ਪ੍ਰਬੰਧ ਦੇ ਮੁੜ ਜੇਤੂ ਹੋਣ ਦੀਆਂ ਕਿਆਸ ਅਰਾਈਆਂ ਵੀ ਲੱਗੀਆਂ। ਭਾਰਤੀ ਜੀ ਦੀ ਮਸਲਿਆਂ ਦੀ ਸਮਝ, ਵਿਸ਼ਲੇਸ਼ਣ ਪੱਧਤੀ ਅਤੇ ਨਿਰਣੇ ਤੇ ਪਹੁੰਚਣ ਦੀ ਯੋਗਤਾ ਕ਼ਾਇਲ ਕਰਨ ਵਾਲੀ ਸੀ। ਮੈਂ ਇਸ ਮੀਟਿੰਗ ਦੁਆਰਾ ਪਿਛਲੇ ਵੀਹ ਸਾਲਾਂ ਤੋਂ ਨਾਮਧਾਰੀ

ਸਮਾਜ ਵਿਚ ਹੋਏ ਵਿਕਾਸ ਦੀ, ਉਸ ਦੀਆਂ ਸਾਹਿਤਕ ਇਤਿਹਾਸਕ ਪ੍ਰਾਪਤੀਆਂ ਦੀ ਤਸਵੀਰ ਵੇਖਣੀ ਚਾਹੁੰਦਾ ਸਾਂ ਤੇ ਹਾਜ਼ਰ ਸੱਜਣਾਂ ਵਿਚੋਂ ਕੁੱਝ ਮੇਰੀ ਕਮਿਊਨਿਸਟ ਨਿਸ਼ਚੇ ਦੀ ਅਡੋਲਤਾ ਵੀ ਪਰਖਣੀ ਚਾਹੁੰਦੇ ਸਨ। ਪਰ ਮੇਰਾ ਇਹ ਅਨੁਭਵ ਹੈ ਕਿ ਕੋਈ ਵੀ ਕਮਿਊਨਿਸਟ, ਸਤਿਗੁਰੂ ਰਾਮ ਸਿੰਘ ਦੀ ਸੰਗਤ ਵਿਚ ਆ ਕੇ ਆਪਣੇ ਆਪ ਨੂੰ ਸਹਿਜ ਹੀ ਮਹਿਸੂਸ ਕਰਦਾ ਹੈ। ਇਸੇ ਲਈ ਜਦੋਂ ਕਦੇ ਮੈਂ ਕਹਿਣਾ ਭਾਰਤੀ ਜੀ ਤੁਸੀਂ ਕਮਿਊਨਿਸਟ ਪਾਰਟੀ ਵਿਚ ਵੀ ਰਹੇ ਹੋ ਤਾਂ ਉਹਨਾਂ ਬੜੇ ਸਨੇਹ ਨਾਲ ਕਹਿਣਾ – 'ਯਾਰ ! ਤੂੰ ਮੈਨੂੰ ਹੁਣ ਕਮਿਊਨਿਸਟ ਨਹੀਂ ਸਮਝਦਾ।' ਕਵੀ ਪ੍ਰੀਤਮ ਸਿੰਘ ਜੀ ਦੇ ਚਲਾਣੇ ਤੇ ਉਹਨਾਂ ਆਪਣੀ ਸ਼ਰਧਾਂਜ਼ਲੀ ਵਿਚ ਆਪਣੇ ਵਿਛੜੇ ਮਿੱਤਰ ਨੂੰ 'ਨਾਮਧਾਰੀ ਪਹਿਰਾਵੇ ਵਾਲੇ ਕਮਿਊਨਿਸਟ' ਦੀ ਹੀ ਸੰਗਿਆ ਦਿਤੀ ਸੀ ਅਤੇ ਉਹਨਾਂ ਨੂੰ 'ਪੱਕਾ ਕਮਿਊਨਿਸਟ' ਤੇ 'ਪੱਕਾ ਨਾਮਧਾਰੀ' ਗਰਦਾਨਿਆ ਸੀ।

ਫਿਰ ਜਦੋਂ ਕਦੇ ਮੈਂ ਦਿੱਲੀਓਂ ਫੋਨ ਕਰਨਾ ਤਾਂ ਉਹਨਾ ਆਦੇਸ਼ ਦੇਣਾ ਕਿ ਚਲੇ ਆਓ ਮੈਂ ਉਡੀਕ ਰਿਹਾ ਹਾਂ। ਮੈਂ ਫੋਨ ਤੇ ਹੀ ਹਰ ਵਾਰ ਉਹਨਾਂ ਨੂੰ ਰਾਹ ਪੁੱਛਦਾ ਤੇ ਜਦੋਂ ਦਿੱਲੀ ਦੀ ਵੱਡੀ ਜੇਲ੍ਹ ਦੀਆਂ ਉਚੀਆਂ ਉਚੀਆਂ ਕੰਧਾਂ ਕੋਲੋਂ ਰਿਕਸ਼ਾ ਲੰਘਦੀ ਤਾਂ ਮੈਂ ਸਮਝ ਲੈਂਦਾ ਕਿ ਹੁਣ ਟਿਕਾਣਾ ਨੇੜੇ ਹੀ ਹੈ ਤੇ ਭਾਰਤੀ ਜੀ ਆਪਣੇ ਘਰ ਤੋਂ ਵਾਹਵਾ ਉਰਾਂਹ ਆਪਣੇ ਵਿਸ਼ਾਲ ਹਿਰਦੇ ਤੇ ਖੁਲ੍ਹੀਆਂ ਬਾਂਹਾਂ ਨਾਲ ਸੁਆਗਤ ਕਰਨ ਵਾਸਤੇ ਆ ਰਹੇ ਹੁੰਦੇ ਕਿ ਕਿਤੇ ਆਉਣ ਵਾਲਾ ਖੁੰਝ ਨਾ ਜਾਵੇ। ਉਹ ਹਰ ਵਾਰ ਮਿਲਣ ਤੇ ਬੜੇ ਪ੍ਰਸੰਨ ਹੁੰਦੇ ਅਤੇ ਫਿਰ ਬਚਨ ਬਲਾਸ ਦਾ ਅਜੇਹਾ ਦੌਰ ਚਲਦਾ ਕਿ ਅਕਸਰ ਹੀ ਰਾਤ ਦੇ ਦੋ ਵੱਜ ਜਾਂਦੇ ਸਨ। ਪ੍ਰਸ਼ਾਦੇ ਪਾਣੀ ਤੋਂ ਬਾਅਦ ਉਹ ਆਪਣੇ ਸੇਵਕ ਨਰੇਸ਼ ਨੂੰ ਇਕ ਅੱਧੀ ਵੇਰ ਚਾਹ ਛਕਾਕੇ ਸੌਣ ਲਈ ਭੇਜ ਦਿੰਦੇ ਅਤੇ ਸਾਡੀਆਂ ਗੱਲਾਂ ਹੁੰਦੀਆਂ ਕਿ ਮੁਕਣ ਵਿਚ ਨਾ ਆਉਂਦੀਆਂ। ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਹੋਰਾਂ ਤੋਂ ਹੋ ਕੇ ਹੋਰ ਭੱਖਦੇ ਪੰਥਕ ਮਸਲਿਆਂ ਬਾਰੇ ਵਿਚਾਰਾਂ ਵੀ ਚਲਦੀਆਂ ਅਤੇ ਵਿਚ ਵਿਚ ਵਰਿਆਮ ਵਿਚ ਛਪੀ ਮੇਰੀ ਕਿਸੇ ਰਚਨਾ ਦੀ ਚਰਚਾ ਵੀ ਕਰ ਜਾਂਦੇ। ਉਹ ਬਹੁਤ ਗੰਭੀਰ ਪਾਠਕ ਸਨ। ਆਪਣੇ ਤੋਂ ਛੋਟੇ ਲੇਖਕਾਂ ਦਾ ਮਾਰਗ ਦਰਸ਼ਨ ਕਰਨਾ ਉਹਨਾਂ ਦਾ ਸੁਭਾਅ ਸੀ। ਚਕ੍ਰਵਰਤੀ ਹੋਰਾਂ ਬਾਰੇ ਮੇਰਾ ਆਰਟੀਕਲ ਛਪਿਆ ਤਾਂ ਕਹਿਣ ਲੱਗੇ ਕਿ ਹੁਣ ਆਲਿਮ ਜੀ ਬਾਰੇ ਵੀ ਲਿਖ। ਪੰਜਾਬ ਵਿਚ ਚਲਣ ਵਾਲੀਆਂ ਸਾਰੀਆਂ ਹੀ ਲੋਕ ਲਹਿਰਾਂ ਦੇ ਸੰਦਰਭ ਵਿਚ ਹੀ ਉਹ 1921-22 ਈ. ਤੋਂ ਸ਼ੁਰੂ ਹੋਏ ਅਕਾਲੀ-ਕੂਕਾ ਦਵੰਦ ਬਾਰੇ ਵੀ ਜਾਨਦਾਰ ਚਰਚਾ ਕਰਦੇ। ਪੁਸਤਕ 'ਸਤਿਗੁਰ ਤਿਸਕਾ ਨਾਉ' ਵਿਚ ਉਹਨਾਂ ਨਾਮਧਾਰੀ ਸਿੰਘਾਂ ਦੀ ਦੇਹਧਾਰੀ ਗੁਰੂ ਦੀ ਲੋੜ ਨੂੰ ਠੋਸ ਸੰਕਲਪ ਪ੍ਰਦਾਨ ਕੀਤੇ ਅਤੇ ਸਿੱਖਾਂ ਨੂੰ ਦੋ ਸ਼੍ਰੇਣੀਆਂ ਵਿਚ ਹੀ ਵੰਡਦੇ ਸਨ – ਇਕ ਗੁਰੂ ਵਾਲੇ ਸਿੱਖ ਅਤੇ ਦੂਸਰੇ ਗੁਰੂ ਤੋਂ ਬਿਨਾ ਸਿੱਖ। ਪੰਜਾਬ ਦੇ ਸਿਆਸੀ ਹਾਲਾਤ ਬਾਰੇ ਜੋ ਪੇਸ਼ਗੋਈਆਂ ਉਹਨਾਂ 25-30 ਸਾਲ ਪਹਿਲਾਂ ਕੀਤੀਆਂ ਸਨ, ਉਹ ਤਕਰੀਬਨ ਪੂਰੀਆਂ ਉਤਰੀਆਂ।

ਭਾਰਤੀ ਜੀ ਗੁਰਬਾਣੀ ਤੇ ਅਧਾਰਿਤ ਅਧਿਆਤਮਵਾਦ ਅਤੇ ਵਿਗਿਆਨਕ ਤਾਰਕਿਕ ਦ੍ਰਿਸ਼ਟੀ ਦਾ ਸੁਮੇਲ ਕਰਨ ਲਈ ਯਤਨਸ਼ੀਲ ਰਹਿੰਦੇ ਸਨ। ਉਹਨਾਂ ਦਾ ਹਿੰਦੂ ਮਿਥਿਹਾਸ, ਸਿੱਖ ਇਤਿਹਾਸ, ਭਾਰਤ ਅਤੇ ਵਿਸ਼ਵ ਇਤਿਹਾਸ ਦਾ ਗਹਿਨ ਅਧਿਐਨ ਸੀ। ਯੋਗ ਸਾਧਨਾ, ਤੰਤਰ ਵਿਦਿਆ ਜਹੀਆਂ ਗੈਰ-ਵਿਗਿਆਨਕ ਚਿੰਤਨ ਪੱਧਤੀਆਂ ਵਿਚ ਵੀ ਉਹਨਾਂ ਦੀ ਡੂੰਘੀ ਦਿਲਚਸਪੀ ਸੀ। ਦਸ ਸਾਲ ਪਹਿਲਾਂ ਪਏ ਦਿਲ ਦੇ ਦੌਰੇ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਤੀਮਾਰਦਾਰੀ ਸਦਕਾ ਉਹ ਨੌਂ-ਬਰ-ਨੌਂ ਹੋ ਗਏ ਸਨ। ਇਹਨਾਂ ਦਸਾਂ ਸਾਲਾਂ ਵਿਚ ਹੀ ਉਹਨਾਂ ਨੇ 'ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ' ਜਹੀ ਗਹਿਰ ਗੰਭੀਰ ਰਚਨਾ ਅਤੇ ਹੋਰ ਕਈ ਹਲਕੇ ਫੁਲਕੇ ਨਿਬੰਧ ਵੀ ਲਿਖੇ। 'ਸਤਿਜੁਗ' ਜਦੋਂ ਦਿੱਲੀ ਪਹੁੰਚ ਗਿਆ ਤਾਂ ਪਹਿਲਾਂ ਪਹਿਲਾਂ ਉਹਨਾਂ ਦੇ ਜਿੰਮੇ ਲਿਖਣ ਦੀ ਸੇਵਾ ਰਹੀ। ਉਦੋਂ ਸੋਵੀਅਤ ਸੰਘ ਦੇ ਕਮਿਊਨਿਸਟ ਆਗੂ ਗੋਰਬਾਚੋਫ ਦੀ ਉਹਨਾਂ ਭਗਵਾਨ ਕ੍ਰਿਸ਼ਨ ਨਾਲ ਤੁਲਨਾ ਕੀਤੀ ਸੀ ਕਿ ਵਿਸ਼ਵ ਯੁੱਧ ਤੋਂ ਮੋੜ ਕੱਟ ਲੈਣ ਵਾਲਾ ਕੋਈ ਵੀ ਕਾਰਜ ਭਾਵੇਂ ਇਕ ਸਥਾਪਤ ਪ੍ਰਬੰਧ ਦੀ ਕੁਰਬਾਨੀ ਵੀ ਮੰਗ ਰਿਹਾ ਸੀ, ਮਹਿੰਗਾ ਸੌਦਾ ਨਹੀਂ ਸੀ, ਲੱਖਾਂ ਜਾਨਾਂ ਦੀ ਹੋਣੀ ਦੇ ਸਾਹਵੇਂ।

ਉਹਨਾਂ 'ਤੇ ਸਤਿਗੁਰੂ ਜੀ ਦਾ ਸਨੇਹ ਅੰਤ ਸਮੇਂ ਤਕ ਬਣਿਆ ਰਿਹਾ। ਉਹ ਲਿਖਦੇ ਹਨ ਕਿ ਮੈਨੂੰ ਮੇਰੇ ਸਾਰੇ ਹੀ ਵਿਸ਼ਵਾਸ਼ਾਂ ਸਮੇਤ ਆਪ ਪ੍ਰਵਾਨ ਕਰ ਲੈਂਦੇ ਹਨ। ਇਹੀ ਉਹਨਾਂ ਦੀ ਮਹਾਨਤਾ ਹੈ। ਐਤਕੀਂ ਹੋਲੇ ਤੇ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਸੱਦੇ ਤੇ ਭਾਰਤੀ ਜੀ 8 ਮਾਰਚ ਨੂੰ ਆਏ ਸਨ ਅਤੇ ਦੁਪਹਿਰ ਬਾਅਦ ਦੇ ਦੀਵਾਨ ਵਿਚ ਉਹਨਾਂ ਨੂੰ 'ਸਾਹਿਤ ਮਾਰਤੰਡ' ਪੁਰਸਕਾਰ ਨਾਲ ਅਲੰਕ੍ਰਿਤ ਕੀਤਾ ਗਿਆ ਸੀ। ਉਹਨਾਂ ਦੇ ਸ੍ਰੀ ਭੈਣੀ ਸਾਹਿਬ ਪੁੱਜਣ ਤੇ ਦੋ ਕੁ ਘੰਟੇ ਪਹਿਲਾਂ ਮੈਂ ਉਥੋਂ ਕਰੀਵਾਲੇ ਨੂੰ ਚਲ ਪਿਆ ਸਾਂ ਕਿ ਇਸ ਸਨਮਾਨ ਦੀ ਚਰਚਾ ਭਾਰਤੀ ਜੀ ਨਾਲ ਕਿਸੇ ਦਿੱਲੀ ਫੇਰੀ ਸਮੇਂ ਸਾਂਝੀ ਕਰ ਲਵਾਂਗੇ। ਤੇ ਜੇ ਇਹ ਪਤਾ ਹੁੰਦਾ ਕਿ ਬੁੱਧ, ਬਿਬੇਕ ਤੇ ਪ੍ਰੇਮਾ ਭਗਤੀ ਦੀ ਇਹ ਤ੍ਰਿਮੂਰਤੀ ਆਪਣੀ ਲੀਲਾ ਸਮੇਟਣ ਵਾਲੀ ਹੈ ਤਾਂ ਮੈਂ ਵਾਪਸੀ ਸਫਰ ਨੂੰ ਹੋਰ ਦੋ ਪਹਿਰ ਲੇਟ ਕਰ ਲੈਂਦਾ। 15 ਅਪ੍ਰੈਲ ਦੀ ਸ਼ਾਮ ਨੂੰ ਭਾਰਤੀ ਜੀ ਦੇ ਅਕਾਲ ਚਲਾਣੇ ਦੀ ਮਨਹੂਸ ਖਬਰ ਦਿੰਦੀ, ਜਗਦੀਸ਼ ਸਿੰਘ ਵਰਿਆਮ ਹੋਰਾਂ ਦੀ ਫੋਨ ਤੇ ਆਵਾਜ਼, ਦਰਦ ਤੇ ਕਿਸੇ ਡੂੰਘੇ ਖੂਹ ਵਿਚੋਂ ਆਉਂਦੀ ਮਲੂਮ ਹੋ ਰਹੀ ਸੀ। ਸੱਚੀਂ ਅਸੀਂ ਭਾਰਤੀ ਜੀ ਨੂੰ ਗੁਆ ਕੇ ਕਿੰਨੇ ਕੰਗਾਲ ਹੋ ਗਏ ਹਾਂ।

**17.04.2004**

● ●

'ਸਾਹਿਤ ਮਾਰਤੰਡ' ਸਨਮਾਨ ਸਮੇਂ ਪ੍ਰੋ. ਤਾਰਾ ਸਿੰਘ ਅਨਜਾਣ ਵਲੋਂ ਪੇਸ਼ ਕੀਤੇ ਗਏ

# ਸਨਮਾਨ–ਸ਼ਬਦ

ਅਮਰ ਭਾਰਤੀ ਜੀ ਇਕ ਸਾਧਕ ਹਨ, ਇਕ ਲੇਖਕ ਹਨ ਤੇ ਇਕ ਪੱਤਰਕਾਰ ਹੋਣ ਕਰਕੇ ਰਾਜਨੀਤਕ ਸੂਝਵਾਨ ਹਨ। ਇਹਨਾਂ ਦੀ ਸਾਧਨਾ ਭਾਰਤੀ ਪਰੰਪਰਾ ਦੀਆਂ ਜੁਗਤਾਂ (ਯੋਗ ਤੰਤਰ ਤੇ ਗੁਰਮਤ) ਵਿਚੋਂ ਆਈ ਹੈ। ਜਿਸਨੂੰ ਇਹਨਾਂ ਸਮਝਿਆ ਵੀ ਹੈ ਤੇ ਆਪਣੇ ਆਪ ਨੂੰ ਉਸ ਅਨੁਸਾਰ ਢਾਲ ਕੇ ਕੁਦਰਤ ਤੇ ਉਸਦੇ ਰਚਣਹਾਰੇ ਕਾਦਰ ਦੀ ਨੇੜਤਾ ਦਾ ਆਨੰਦ ਮਾਣਿਆ ਹੈ। ਇਹਨਾਂ ਦਾ ਚੇਤਨ ਮਨ ਹੀ ਨਹੀਂ, ਇਹਨਾਂ ਦੀ ਅਰਧ ਚੇਤਨ ਅਵਸਥਾ ਵਿਚ ਵੀ ਇਹਨਾਂ ਦੇ ਅਵਚੇਤਨ ਮਨ ਨੇ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸਮਰਪਨ ਭਾਵ ਦਾ ਹੁੰਗਾਰਾ ਦਿੰਦਿਆਂ ਆਖਿਆ – ''ਆਪ ਦੀ ਹੀ ਅਮਾਨਤ ਹਾਂ।'' ਸਵਾਮੀ ਮ੍ਰਿਤੁੰਜਿਯ ਜੀ ਨੇ ਇਹਨਾਂ ਨੂੰ ਸਾਧਨਾ ਜੁਗਤ ਦੱਸੀ ਤੇ ਸ੍ਰੀ ਸਤਿਗੁਰੂ ਜੀ ਪ੍ਰਤੀ ਖੁਸਦਾ ਪ੍ਰੇਮ ਵਾਪਸ ਦਿਤਾ।

ਲੇਖਕ ਅਮਰ ਭਾਰਤੀ ਜੀ ਦੀਆਂ ਪਹਿਲੀਆਂ ਰਚਨਾਵਾਂ ਅਨੁਵਾਦ ਸਾਹਿਤ ਤੇ ਇਤਿਹਾਸ ਦੇ ਘੇਰੇ ਵਿਚ ਆਉਂਦੀਆਂ ਹਨ ਪਰ ਬਾਅਦ ਵਾਲੀਆਂ ਰਚਨਾਵਾਂ ਅਤੇ ਉਹਨਾਂ ਦੀ ਅਪਣਾਈ ਭਾਰਤੀ ਸਾਧਨਾ ਪ੍ਰੰਪਰਾ ਦੀ ਝਲਕ ਵੇਖੀ ਜਾ ਸਕਦੀ ਹੈ।

ਭਾਰਤੀ ਜੀ ਕਿਸੇ ਸਕੂਲੀ ਵਿਦਿਆ ਨੂੰ ਪ੍ਰਾਪਤ ਤਾਂ ਨਹੀਂ ਕਰ ਸਕੇ ਪਰ ਉਹਨਾਂ ਦੀ ਬੰਗਲਾ ਤੋਂ ਸਿੱਧਾ ਪੰਜਾਬੀ ਵਿਚ ਉਚ ਕੋਟੀ ਦਾ ਸਾਹਿਤ ਅਨੁਵਾਦ ਕਰਨ ਦੀ ਪਕਿਆਈ ਨੇ ਉਹਨਾਂ ਨੂੰ ਪੰਜਾਬੀ ਸਾਹਿਤ ਜਗਤ ਵਿਚ ਉਚ ਦੁਮਾਲੇ ਵਾਲਾ ਬਣਾ ਦਿਤਾ। ਦੇਵਨੇਤ ਅਨੁਵਾਦ ਉਹਨਾਂ ਉਸ ਮਹਾਨ ਸਾਹਿਤਕਾਰ ਰਵਿੰਦਰ ਨਾਥ ਟੈਗੋਰ ਦੇ ਨਾਵਲਾਂ (ਅੱਖ ਦੀ ਰੜਕ ਤੇ ਗੋਰਾ) ਅਤੇ ਇੱਕੀ ਕਹਾਣੀਆਂ ਦਾ ਵੀ ਕੀਤਾ ਜਿਸ ਨੇ ਖੁਦ ਵੀ ਸਕੂਲੀ ਵਿਦਿਆ ਨਹੀਂ ਸੀ ਹਾਸਲ ਕੀਤੀ ਹੋਈ। ਭਾਰਤੀ ਜੀ ਨੇ ਤਾਰਾ ਸ਼ੰਕਰ ਬੰਧੋਪਾਧਿਆਇ ਦੇ ਤਿੰਨ, ਬੰਕਿਮ ਚੰਦਰ ਚਟੋਪਾਧਿਆਏ ਦੇ ਤਿੰਨ ਤੇ ਵਿਭੂਤੀ ਭੂਸ਼ਣ ਬੰਦੋਪਾਧਿਆਏ ਦੇ ਇਕ ਨਾਵਲ ਦਾ ਬੰਗਲਾ ਤੋਂ ਪੰਜਾਬੀ ਵਿਚ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਨੂੰ ਪੜ੍ਹਣ ਲਈ ਵਧੀਆ ਸਾਹਿਤ ਦਿੱਤਾ। ਇਹਨਾਂ ਨੇ ਨਿਰਮਲ ਪ੍ਰਭਾ ਬਾਰਦੋਲੋਏ ਦੇ ਕਾਵਿ ਸੰਗ੍ਰਹਿ ਨੂੰ ਅਸਮੀਆ ਤੋਂ ਪੰਜਾਬੀ ਵਿਚ ਅਨੁਵਾਦ ਕੀਤਾ। ਉਹਨਾਂ ਦੇ ਬਹੁਤੇ ਅਨੁਵਾਦ ਸਾਹਿਤ ਅਕਾਦਮੀ ਨੇ ਪ੍ਰਕਾਸ਼ਿਤ ਕੀਤੇ ਹਨ। ਭਾਰਤ ਦੀ ਇਸੇ ਸਰਵਉਚ ਸੰਸਥਾ ਨੇ ਇਹਨਾਂ ਨੂੰ ਪਹਿਲਾ ਅਨੁਵਾਦ ਇਨਾਮ ਦੇਣ ਵਿਚ ਖੁਸ਼ੀ ਮਹਿਸੂਸ ਕੀਤੀ।

ਸ਼ਾਂਤੀ ਨਿਕੇਤਨ ਬਾਰੇ ਪੁਸਤਕ ਇਹਨਾਂ ਦੀ ਸ਼ਾਂਤੀ ਨਿਕੇਤਨ ਦੀ ਯਾਤਰਾ ਸਮੇਂ ਪਏ ਚੰਗੇ ਪ੍ਰਭਾਵ ਨੂੰ ਪੇਸ਼ ਕਰਦੀ ਹੈ। ਉਸ ਵਿਚਲੇ ਵਾਰਤਾਲਾਪ ਰਾਹੀਂ ਪਤਾ ਲਗਦਾ ਹੈ ਕਿ ਬੰਗਾਲੀ ਨਾ ਜਾਣਦਾ ਬੰਗਾਲੀ ਤੇ ਪੰਜਾਬੀ ਨਾ ਜਾਣਦਾ ਪੰਜਾਬੀ ਸਮਝ ਸਕਦਾ ਹੈ ਅਤੇ ਇਕ ਦੂਜੇ ਦੀ ਭਾਵਨਾ ਦੀ ਕਦਰ ਕਰ ਸਕਦਾ ਹੈ। ਭਾਰਤੀ ਜੀ ਬੰਗਲਾ ਦੀਆਂ ਸੰਸਥਾਵਾਂ ਅਤੇ ਪੰਜਾਬੀ ਅਕਾਦਮੀ ਦਿੱਲੀ ਵਲੋਂ ਸਨਮਾਨਤ ਕੀਤੇ ਜਾਂ ਚੁਕੇ ਹਨ।

'ਸਿੱਖ ਇਤਿਹਾਸ ਤੇ ਕੂਕੇ – ਤੁਲਨਾਤਮਕ ਅਧਿਐਨ' ਇਹਨਾਂ ਦੋਹਾ ਸੰਸਥਾਵਾਂ ਦੀ ਨੇੜਤਾ–ਵੱਖਰਤਾ ਨੂੰ ਧਰਮ, ਦੇਸ਼ ਭਗਤੀ ਤੇ ਮਰਿਆਦਾ ਦੇ ਪੱਖੋਂ ਪਹਿਲ ਕਦਮੀ ਦੇ ਰੂਪ ਵਿਚ ਪੇਸ਼ ਕਰਦੀ ਹੈ। 'ਸਤਿਗੁਰ ਤਿਸਕਾ ਨਾਉ'' ਰਚਨਾ ਮੂਲ ਰੂਪ ਵਿਚ ਸਤਿਗੁਰੂ ਨੂੰ ਪਰਿਭਾਸ਼ਿਤ ਕਰਕੇ ਇਤਿਹਾਸਕ ਪਰਪੇਖ ਵਿਚ ਪਾਠਕਾਂ ਤਕ ਪਹੁੰਚਾਉਂਦੀ ਹੈ। 'ਸ੍ਰੀ ਦਸ਼ਮੇਸ਼ ਨਾਂਦੇੜ ਪਿਛੋਂ'' ਐਸੀ ਇਤਿਹਾਸਕ ਰਚਨਾ ਹੈ, ਜਿਹੜੀ ਆਪਣੇ ਸਿਰਲੇਖ ਨੂੰ ਸ਼ਰਧਾ ਤੋਂ ਉਤਾਂਹ ਉਠਕੇ ਤੱਤਾਂ, ਤੱਥਾਂ ਤੇ ਤਰਕ ਦੇ ਆਧਾਰ ਉਤੇ ਪੇਸ਼ ਕਰਦੀ ਹੈ।

'ਮੈਂ ਅਜੇ ਵਾਪਸ ਨਹੀਂ ਆਇਆ' ਅਤੇ 'ਅਲਹ ਵਰਸਹੁ ਮੇਹੁ' ਪੁਸਤਕਾਂ ਇਹਨਾਂ ਦੀਆਂ ਪਹਾੜੀ ਯਾਤਰਾਵਾਂ, ਸ੍ਰੀ ਸਤਿਗੁਰੂ ਜੀ ਦੀ ਨੇੜਤਾ ਦੇ ਨਿੱਘ ਭਰੇ ਸਮੇਂ ਤੇ ਅਕਾਲ ਪੁਰਖ ਦੀ ਪ੍ਰਕ੍ਰਿਤੀ ਨੂੰ ਇਹਨਾਂ ਰਾਹੀਂ ਮਾਣੇ ਜਾਣ ਨੂੰ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਪਾਠਕਾਂ ਤਕ ਪਹੁੰਚਾਉਂਦੀਆਂ ਹਨ। 'ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ' ਵਿਚ ਇਹਨਾਂ ਨੇ ਅਜਪਾ ਜਾਪ, ਕੁੰਡਲਿਨੀ ਸਾਧਨਾ, ਚੌਥੇ ਪਦ ਦੇ ਤੰਤਰ ਸ਼ਾਸਤਰ ਨੂੰ ਧਿਆਨ ਵਿਚ ਰੱਖਕੇ ਗਿਆਨ ਮਾਰਗੀਆਂ ਲਈ ਸਮਝ ਆਉਣ ਵਾਲੇ ਤੇ ਸੋਚ ਨੂੰ ਟੁੰਬਣ ਵਾਲੇ ਵੇਰਵੇ ਦਿਤੇ ਹਨ। ਅੰਮ੍ਰਿਤਾ ਪ੍ਰੀਤਮ ਅਨੁਸਾਰ ''ਭਾਰਤੀ ਜੀ ਦੇ ਚਿੰਤਨ ਦਾ ਇਹ ਸੰਗ੍ਰਹਿ ਬੜੇ ਬਰੀਕ ਵੇਰਵਿਆਂ ਵਿਚ ਉਤਰਦਾ ਤਲਬ ਵਾਲਿਆਂ ਵਾਸਤੇ ਬੜਾ ਕੀਮਤੀ ਸੰਗ੍ਰਹਿ ਹੈ।''

ਭਾਰਤੀ ਜੀ ਦੀਆਂ ਛੇ ਦੀਆਂ ਛੇ ਮੂਲ ਰਚਨਾਵਾਂ ਵਾਰਤਕ ਰਚਨਾਵਾਂ ਹਨ। ਜਿਹਨਾਂ ਨੇ ਪੰਜਾਬੀ ਸਾਹਿਤ ਦਾ ਭੰਡਾਰ ਭਰਿਆ ਹੈ। ਇਹਨਾਂ ਪੱਤ੍ਰਕਾਰੀ ਦੇ ਖੇਤਰ ਵਿਚ ਰੋਜ਼ਾਨਾ 'ਨਵਾਂ ਹਿੰਦੁਸਤਾਨ' ਤੇ 'ਅਭੀਤ' ਦੀ ਸੰਪਾਦਨਾ ਕਰਕੇ ਤੇ ਸੰਪਾਦਕੀ ਲਿਖਕੇ ਪਾਠਕਾਂ ਨੂੰ ਨਾਲ ਤੋਰਿਆ ਹੈ। ਇਹਨਾਂ ਦਾ 'ਸਤਿਜੁਗ' ਨੂੰ ਨਵਾਂ ਰੂਪ ਦੇਣ ਵਿਚ ਵਿਸ਼ੇਸ਼ ਯੋਗਦਾਨ ਹੈ।

ਭਾਰਤੀ ਜੀ 1994 ਵਿਚ ਦਿਲ ਉਪਰ ਹਮਲੇ ਦਾ ਸ਼ਿਕਾਰ ਹੋਏ ਤਾਂ ਸ੍ਰੀ ਸਤਿਗੁਰੂ ਜੀ ਨੇ ਘਰ ਜਾ ਕੇ ਆਖਿਆ – ''ਅਜੇ ਨਹੀਂ ਜਾਣ ਦੇਣਾ, ਅਜੇ ਤੁਹਾਡੀ ਲੋੜ ਹੈ।'' ਇਸ ਬਚਨ ਨੇ ਇਹਨਾਂ ਨੂੰ ਹਯਾਤੀ ਦਿਤੀ। ਇਹਨਾਂ ਦੇ ਅਵਚੇਤਨ ਮਨ ਨੇ ਹੁੰਗਾਰਾ ਭਰਿਆ – ''ਆਪ ਦੀ ਹੀ ਅਮਾਨਤ ਹਾਂ।''

ਉਸੇ ਆਪਣੀ ਅਮਾਨਤ ਨੂੰ 78 ਸਾਲ ਦੀ ਉਮਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਣ ਦਿਤਾ ਤੇ 8 ਮਾਰਚ, 2004 ਨੂੰ ਹੋਲੇ ਮਹੱਲੇ ਦੇ ਭਰੇ ਮੇਲੇ ਵਿਚ ਸਾਧਕਾਂ, ਸਾਹਿਤਕਾਰਾਂ, ਸਿੱਖਾਂ, ਸੇਵਕਾਂ ਦੀ ਹਾਜ਼ਰੀ ਵਿਚ 'ਸਾਹਿਤ ਮਾਰਤੰਡ' ਦੀ ਉਪਾਧੀ ਦੀ ਬਖਸ਼ਸ਼ ਕੀਤੀ। ਆਪ ਜੀ ਨੇ ਪਿਆਰ, ਸਨੇਹ, ਨਿਮਰਤਾ ਭਰੇ ਸ਼ਬਦਾਂ, ਮਿੱਠੀ ਮੁਸਕਾਨ ਤੇ ਅਰਥਪੂਰਨ ਤੱਕਣੀ ਨਾਲ ਇਹਨਾਂ ਨੂੰ ਅਮੀਰ ਕੀਤਾ।

– ਗੁਰਮੁੱਖ ਸਿੰਘ 'ਰਤਨ'

# ਅਮਰ ਭਾਰਤੀ ਜੀ ਦੀ ਯਾਦ ਵਿਚ

ਅਮਰ ਭਾਰਤੀ ਜੀ ਸਨ ਗੁਣੀ ਗਿਆਨੀ,
ਚਿਹਰਾ ਵੀ ਵਾਹ ਵਾਹ ਨੂੰਰਾਨੀ।
ਆਪ ਆਪਣੇ ਵਿਚ ਇਕ ਹਸਤੀ,
ਹਰ ਵੇਲੇ ਇਕ ਨਾਮ ਦੀ ਮਸਤੀ।
ਜਦ ਵੀ ਤੱਕੋ ਮੂੰਹ ਤੇ ਖੇੜਾ,
ਕਹਿੰਦਾ ਹਰ ਕੋਈ ਮਿਲਦਾ ਜਿਹੜਾ।
ਜਦ ਬੋਲਣ ਉਹ ਬੋਲਣ ਮਿੱਠਾ,
ਕੋਈ ਵਿਰਲਾ ਗੁਰਸਿੱਖ ਐਸਾ ਡਿੱਠਾ।

ਚਿਹਰੇ ਤੇ ਸੀ ਨੂਰ ਇਲਾਹੀ,
ਵਿਸਰਿਆ ਨਹੀਂ ਕਦੇ ਵੀ ਮਾਹੀ।
ਸ਼ੁਕਰ ਸ਼ੁਕਰ ਕਰ ਝੱਟ ਲਘਾਂਦੇ,
ਸਨ ਲਿਖ ਕੇ ਹੱਥੀ ਸੇਵ ਕਮਾਂਦੇ।
ਹੁੰਦਾ ਕੋਈ ਫਿਦਾ ਨਹੀਂ ਤੱਕਿਆ,
ਏਦਾਂ ਦਾ ਸ਼ੈਦਾ ਨਹੀਂ ਤੱਕਿਆ।
ਸੱਚੀ ਗੱਲ ਲੁਕੀ ਨਹੀਂ ਰਹਿੰਦੀ,
ਦਰਸ਼ਨ ਕਰਕੇ ਭੁੱਖ ਸੀ ਲਹਿੰਦੀ।

ਸਵਾਮੀ ਮ੍ਰਿਤੁੰਜਿਯ ਜੀ ਕੋਲੋਂ ਇਹਨਾਂ,
ਸੀ ਸਾਧਨਾ ਜੁਗਤੀ ਸਿੱਖੀ ਇਹਨਾਂ।
ਇੰਜ ਰਿਸ਼ੀਆਂ ਵਾਂਗ ਗੁਜ਼ਾਰਿਆ ਜੀਵਨ,
ਸਾਧਿਆ ਤੇ ਸਤਿਕਾਰਿਆ ਜੀਵਨ।
ਸਨ ਉਚ ਕੋਈ ਦੇ ਆਪ ਲਿਖਾਰੀ,
ਨਾਲ ਕਿਤਾਬਾਂ ਡਾਹਡੀ ਯਾਰੀ।

ਸਨ ਬੰਗਲਾ ਪੜ੍ਹ ਬਣ ਗਏ ਵਿਦਵਾਨ,
ਪੰਜਾਬੀ ਵਿਚ ਵੱਖਰੀ ਪਹਿਚਾਨ।
ਹੋਰ ਭਾਸ਼ਾਵਾਂ ਦਾ ਵੀ ਗਿਆਨ,
ਪੜ੍ਹਣ ਲਿਖਣ ਵਿਚ ਰਹਿੰਦਾ ਧਿਆਨ।
ਦਸ ਬੰਗਲਾ ਦੀਆਂ ਕਿਤਾਬਾਂ ਦਾ ਸੀ,
ਪੰਜਾਬੀ ਵਿਚ ਉਲਥਾ ਕੀਤਾ।
ਜਿਵੇਂ ਤੀਰੰਦਾਜ਼ ਕਿਸੇ ਤਰਕਸ਼ ਵਿਚ,
ਦਸ ਤੀਰਾਂ ਦਾ ਭੱਥਾ ਲੀਤਾ।
ਅਨੁਵਾਦ ਸਾਹਿਤ ਨੇ ਦਿਤਾ ਮਾਨ,
ਤਾਂ ਬਣ ਗਈ ਇਕ ਵੱਖਰੀ ਪਹਿਚਾਨ।

ਕਈ ਸਾਹਿਤ ਅਕਾਦਮੀਆਂ ਨੇ,
ਉਸਦੀ ਲੇਖਣੀ ਨੂੰ ਸਹਿਲਾਇਆ।
ਵਿਚੋਂ ਕਈਆਂ ਪ੍ਰਸ਼ੰਸਾ ਪੱਤਰ ਤੇ,
ਇਨਾਮ ਨਾਲ ਉਹਨੂੰ ਵਡਿਆਇਆ।
ਅਮਰ ਭਾਰਤੀ ਗੁਣੀ ਗਿਆਨੀ ਹੀ,
ਉਹਨਾਂ ਦੇ ਮਨ ਨੂੰ ਜਿੱਤ ਪਾਇਆ।

ਹਰ ਇਕ ਲੇਖ ਅਜੇਹਾ ਲਿਖਦੇ,
ਜਿਹੜਾ ਸਭਨਾਂ ਦੇ ਮਨ ਭਾਇਆ।
ਇਕ ਅਸਮੀਆ ਕਾਵਿ ਸੰਗ੍ਰਹਿ ਦਾ ਵੀ,
ਪੰਜਾਬੀ ਵਿਚ ਉਤਾਰਾ ਕੀਤਾ।
ਇੰਜ ਅਨੁਵਾਦ ਸਾਹਿਤ ਖੇਤਰ ਵਿਚ,
ਏਦਾਂ ਹੋਰ ਪਸਾਰਾ ਕੀਤਾ।
ਉਦੋਂ ਪੰਜਾਬੀ ਅਕਾਦਮੀ ਦਿੱਲੀ ਨੇ ਵੀ,
ਇਹਨਾਂ ਤਾਂਈਂ ਕੀਤਾ ਸਨਮਾਨਤ।
ਅਮਰ ਭਾਰਤੀ ਜੀ ਨੂੰ ਇਹਨਾਂ,
ਸਾਹਿਤ ਜਗਤ ਦੀ ਸਮਝ ਅਮਾਨਤ।

ਸਤਿਗੁਰੂ ਜਗਜੀਤ ਸਿੰਘ ਨੇ ਪਹਿਲੀ ਵਾਰ,
ਕੀਤਾ ਸੀ ਇੰਜ ਰਜਵਾਂ ਪਿਆਰ।
ਉਚ ਕੋਟੀ ਦੇ ਸੁਲਝੇ ਲੇਖਕ ਜਾਨ,
ਹੱਥੀਂ ਦਿਤਾ ਸੀ ਸਨਮਾਨ।
ਸਨ ਸੂਝਵਾਨ ਬੁੱਧੀਮਾਨ ਲਿਖਾਰੀ,
ਛੇ ਪੁਸਤਕਾਂ ਲਿਖੀਆਂ ਵਾਰੋ ਵਾਰੀ।
ਇਹ ਪੰਜਾਬੀ ਦੀਆਂ ਮੂਲ ਰਚਨਾਵਾਂ,
ਹਨ ਸਾਰੀਆਂ ਹੀ ਵਾਰਤਕ ਰਚਨਾਵਾਂ।
ਯਾਦਗਾਰ ਬਣ ਜਾਣ ਕਿਤਾਬਾਂ,
ਖੋਜ ਗਿਆਨ ਭਰਪੂਰ ਕਿਤਾਬਾਂ।
ਚਾਹਵਾਨ ਜੋ ਪੜ੍ਹੇਗਾ ਜ਼ਿਆਦਾ,
ਉਸਦੇ ਗਿਆਨ 'ਚ ਹੋਊ ਵਾਧਾ।

ਪੱਤ੍ਰਕਾਰਿਤਾ ਦੇ ਖੇਤਰ ਵਿਚ ਵੀ,
ਅਮਰ ਭਾਰਤੀ ਜੀ ਨੇ ਹੱਥ ਵਿਖਾਏ।
ਰੋਜ਼ਾਨਾ ਨਵਾਂ ਹਿੰਦੁਸਤਾਨ ਤੇ ਅਭੀਤ ਵਿਚ,
ਸੰਪਾਦਕੀ ਕਰ ਜੌਹਰ ਦਿਖਲਾਏ।
'ਵਰਤਮਾਨ ਹਿੰਦੁਸਤਾਨ' ਦੇ ਵਿਚ ਵੀ,
ਕਲਮ ਦੇ ਜੌਹਰ ਸਾਹਮਣੇ ਆਏ।
ਅੱਜ ਦਾ ਛਪਿਆ ਹੋਇਆ 'ਸਤਿਜੁਗ'
ਕਿੱਡਾ ਸੁਹਣਾ ਨਜ਼ਰੀਂ ਆਏ।
ਅਮਰ ਭਾਰਤੀ ਜੀ ਨੇ ਇਸ ਵਿਚ,
ਆਪਣੇ ਯੋਗਦਾਨ ਹਨ ਪਾਏ।

ਜਦ ਵੀ ਕੋਈ ਉਹਨਾਂ ਨੂੰ ਮਿਲਿਆ,
ਚਿਹਰਾ ਉਹਨਾਂ ਦਾ ਮੁਸਕਾਂਦਾ।
ਹੱਥ ਜੋੜ ਇਉਂ ਆਦਰ ਦਿੰਦੇ,
ਵੱਡਾ ਛੋਟਾ ਝੁੱਕਦਾ ਜਾਂਦਾ।
ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ,
ਹਰ ਵੇਲੇ ਕੁੱਝ ਲਿਖੀ ਜਾਂਦੇ।

# ਹੋ ਅਮਰੀਕ ਤਿਆਰ

– ਮਾਸਟਰ ਅਮਰੀਕ ਸਿੰਘ

ਪਾਸ ਪੜੋਸੀ ਤੁਰ ਗਏ ਯਾਰ, ਤੂੰ ਵੀ ਹੋ ਅਮਰੀਕ ਤਿਆਰ।

ਪ੍ਰੀਤਮ ਸਿੰਘ ਜੀ ਕਵੀ ਪਿਆਰੇ, ਮਾਸਟਰ ਸਿੰਘ ਨਿਹਾਲ ਵਿਚਾਰੇ।
ਅਮਰ ਭਾਰਤੀ ਸਨ ਦਿਲਦਾਰ, ਤੂੰ ਵੀ ਹੋ ਅਮਰੀਕ ਤਿਆਰ।

ਬੀਤੇ ਦੀਆ ਉਹ ਪੈੜਾਂ ਬਣ ਗਏ, ਸਾਗਰ ਦੀਆਂ ਉਹ ਲਹਿਰਾਂ ਬਣ ਗਏ,
ਬੰਦ ਹੋਏ ਨੇ ਦਿਲ ਦੇ ਦੁਆਰ, ਤੂੰ ਵੀ ਹੋ ਅਮਰੀਕ ਤਿਆਰ।

ਜਿੰਨਾਂ ਨਾਲ ਸੀ ਰਲ ਮਿਲ ਖੇਡੇ, ਤੁਰ ਗਏ ਨੇ ਅੱਜ ਦੂਰ ਦੁਰੇਡੇ,
ਛੱਡ ਗਏ ਨੇ ਅੱਧ ਵਿਚਕਾਰ, ਤੂੰ ਵੀ ਹੋ ਅਮਰੀਕ ਤਿਆਰ।

ਸੱਜਣਾਂ ਦੀ ਕੀ ਸਿਫ਼ਤ ਸੁਨਾਵਾਂ, ਦੇਵਾਂ ਦੱਸੋ ਕੀ ਉਪਮਾਵਾਂ,
ਰੱਜ ਰੱਜ ਦੇ ਗਏ ਦਿਲੋਂ ਪਿਆਰ, ਤੂੰ ਵੀ ਹੋ ਅਮਰੀਕ ਤਿਆਰ।

ਬਿਨ ਸੱਜਣਾ ਰੁੱਸ ਗਈਆਂ ਬਹਾਰਾਂ, ਜੀਵਨ ਦੱਸ ਇਹ ਕਿਵੇਂ ਗੁਜਾਰਾਂ,
ਹੋ ਗਈ ਜਾਪੇ ਉਮਰ ਖੁਆਰ, ਤੂੰ ਵੀ ਹੋ ਅਮਰੀਕ ਤਿਆਰ।

ਫ਼ਾਨੀ ਹੈ ਇਹ ਦੁਨੀਆਂ ਸਾਰੀ, ਝੂਠੀ ਹੈ ਸਭ ਕਾਰ ਗੁਜ਼ਾਰੀ,
ਸਰ ਪਰ ਜਾਣਾ ਹੈ ਉਸ ਪਾਰ, ਤੂੰ ਵੀ ਹੋ ਅਮਰੀਕ ਤਿਆਰ।

ਬਿਨ ਸੱਜਣਾ ਹੁਣ ਕਿੱਥੇ ਜਾਈਏ, ਕਿਸ ਨੂੰ ਦਿਲ ਦਾ ਹਾਲ ਸੁਨਾਈਏ,
ਕਿਵੇਂ ਲੰਘਾਈਏ ਦਿਨ ਇਹ ਚਾਰ, ਤੂੰ ਵੀ ਹੋ ਅਮਰੀਕ ਤਿਆਰ।

ਯਾਦ ਉਹਨਾਂ ਦੀ ਦਿਲਾਂ 'ਚ ਧਰੀਏ, ਨਾਲ ਸਬਰ ਇਹ ਬਿਰਹਾ ਜਰੀਏ,
ਮੰਨ ਮੂਹਰੇ ਕੁਦਰਤ ਦੇ ਹਾਰ, ਤੂੰ ਵੀ ਹੋ ਅਮਰੀਕ ਤਿਆਰ।

---

ਅੰਦਰ ਲੁਕੇ ਖਜਾਨੇ ਤਾਂਈਂ,
ਜਾਣੋਂ ਬਾਹਰ ਖਿੱਚ ਲਿਆਂਦੇ।

ਐਤਕੀਂ ਹੋਲੇ ਤੇ ਘਟ ਘਟ ਦੀ ਜਾਨਣਹਾਰ,
78 ਸਾਲ ਦੀ ਉਮਰ 'ਚ ਦੂਜੀ ਵਾਰ।
ਅਮਰ ਭਾਰਤੀ ਤਾਂਈਂ ਬੁਲਵਾਕੇ,
ਹੱਥੀਂ ਗਲ ਵਿਚ ਮਾਲਾ ਪਾ ਕੇ।
ਸਨਮਾਨ ਪੱਤਰ ਨਾਲ ਲਗਾ ਕੇ,
ਸਾਹਿਤ ਮਾਰਤੰਡ ਦੀ ਬਖਸ਼ ਉਪਾਧੀ।
ਅਮਰ ਭਾਰਤੀ ਤਾਂਈਂ ਅਮਰ ਹੈ ਕੀਤਾ,
ਜੀਹਨੇ ਇੰਜ ਸਾਧਨਾ ਸਾਧੀ।

ਐਸੇ ਸਨ ਉਹ ਹਰਮਨ ਪਿਆਰੇ,
ਕਈਆਂ ਦੇ ਉਸ ਕਾਜ ਸਵਾਰੇ।
ਬੋਲਣ ਦਾ ਅੰਦਾਜ਼ ਸੀ ਵੱਖਰਾ,
ਸਭ ਕੁੱਝ ਹੁੰਦਿਆਂ ਨਾ ਕੋਈ ਨਖਰਾ।
ਮੌਤ ਕਦੇ ਸਿੱਧੀ ਨਾ ਆਵੇ,
ਕੋਈ ਬਹਾਨਾ ਝੱਟ ਬਣਾਵੇ।
ਇਹ ਹਾਰਟ ਅਟੈਕ ਸੀ ਦੂਜੀ ਵਾਰੀ,
ਏਸ ਬਹਾਨੇ ਆ ਗਈ ਵਾਰੀ।
ਕੋਈ ਖਾਸ ਬਿਮਾਰੀ ਪਾਈ ਨਹੀਂ ਉਸ,
ਕਿਸੇ ਤੋਂ ਸੇਵ ਕਰਾਈ ਨਹੀਂ ਉਸ।

ਉਂਜ ਏਸ ਤਰ੍ਹਾਂ ਦੀ ਸਹਿਲੀ ਮੌਤ,
ਦੇਵਤਿਆਂ ਵਾਲੀ ਇਹ ਹੈ ਮੌਤ।
ਹਰ ਇਕ ਦੇ ਹਿੱਸੇ ਨਾ ਆਵੇ,
ਕੋਈ ਵਿਰਲਾ ਇਹ ਮੰਜ਼ਿਲ ਪਾਵੇ।
ਉਹਨਾਂ ਰੱਜਵੀਂ ਕੀਤੀ ਪੰਥ ਦੀ ਸੇਵਾ,
ਸਤਿਗੁਰੂ ਦੀ ਬਖਸ਼ਿਸ਼ ਹੈ ਮੇਵਾ।

ਉਹ ਇਸ ਪ੍ਰਵਾਰ ਦੇ ਤਾਤ ਸ੍ਰੀ ਸਨ,
ਸਾਡੇ ਲਈ ਉਹ ਭੀਸ਼ਮ ਪਿਤਾਮਾ।
ਪਿਆਰ ਬਹੁਤ ਮਿਲਿਆ ਉਹਨਾਂ ਤੋਂ,
ਉਹ ਰਿਸ਼ਤੇ ਵਿਚ ਸਨ ਸਾਡੇ ਮਾਮਾ।
ਦੁਖ ਸੁਖ ਤਾਂਈਂ ਸਮ ਕਰ ਜਾਂਦੇ,
ਇਸ ਆਸਣ ਵਿਰਲੇ ਹੀ ਬਹਿੰਦੇ।
ਉਹ ਸਾਧੂਆਂ ਵਾਲਾ ਜੀਵਨ ਜੀ ਗਏ,
ਮਿਲਣ ਵਾਲੇ ਹਨ ਇਹੋ ਕਹਿੰਦੇ।

ਏਹੋ ਜਹੀ ਸ਼ਖ਼ਸ਼ੀਅਤ ਬਾਰੇ,
ਕੁੱਝ ਵੀ ਆਖ ਸੁਣਾਉਣਾ ਔਖਾ।
'ਰਤਨ' ਉਨ੍ਹਾਂ ਦੀ ਦੇਣ ਹੈ ਵੱਡੀ,
ਉਹਦੇ ਤਾਂਈਂ ਗਿਣਾਉਣਾ ਹੈ ਔਖਾ।

● ●

# ਅਮਰ ਭਾਰਤੀ ਜੀ ਦਾ ਅਨੁਵਾਦਿਤ ਅਤੇ ਮੌਲਿਕ ਸਾਹਿਤ

## ਦੇਵੀ ਚੌਧਰਾਣੀ –

ਗਰੀਬੀ ਜੇ ਗਰੀਬ ਦੇ ਸੁਖ ਖੋਹ ਸਕਦੀ ਹੈ ਤਾਂ ਉਹ ਗਰੀਬ ਬਣਾਉਣ ਵਾਲਿਆਂ ਨੂੰ ਵੀ ਸੁੱਖ ਨਾਲ ਸੌਣ ਨਹੀਂ ਦੇ ਸਕਦੀ। ਮਾਸੂਮ ਪ੍ਰਫੂਲ ਨੂੰ ਗਰੀਬੀ ਨੇ ਅਬਲਾ ਨਾਰੀ ਤੋਂ ਬਾਗੀਆਂ ਦੀ ਸੂਦਾਰ ਦੇਵੀ ਚੌਧਰਾਣੀ ਕਿਵੇਂ ਬਣਾ ਦਿਤਾ ? ਇਸ ਨਾਵਲ ਵਿਚ ਪੜ੍ਹੋ। ਲੇਖਕ : ਬੰਕਿਮ ਚੰਦਰ ਚੈਟਰਜੀ

## ਬਨ ਵਾਸੀ –

ਸ਼ਹਿਰਾਂ ਦੀ ਹੰਗਾਮਿਆਂ ਭਰੀ ਜ਼ਿੰਦਗੀ ਤੋਂ ਕੱਢਕੇ ਕੁਦਰਤ ਦੀ ਫਲਾਂ ਫੁੱਲਾਂ ਨਦੀਆਂ ਪਰਬਤਾਂ ਤੇ ਚੰਨਾਂ ਤਾਰਿਆਂ ਦੀ ਰੰਗੀਨ ਦੁਨੀਆਂ ਵਿਚ ਪੁਚਾ ਦੇਣ ਵਾਲਾ ਅਨੋਖਾ ਨਾਵਲ । ਲੇਖਕ : ਵਿਭੂਤੀ ਭੂਸ਼ਣ ਬੰਦੋਪਾਧਿਆਏ

## ਅਰੋਗ ਨਿਕੇਤਨ –

ਮੌਤ ਜ਼ਿੰਦਗੀ ਦੀ ਸੰਪੂਰਤਾ ਜ਼ਰੂਰ ਹੈ, ਪਰ ਕੀਹ ਕਿਸੇ ਨਾਵਲ ਦੀ ਮੁੱਖ ਨਾਇਕਾ ਵੀ ਹੋ ਸਕਦੀ ਹੈ ? ਅਰੋਗ ਨਿਕੇਤਨ ਦੀ ਮੁਖ ਨਾਇਕਾ ਇਹੋ ਮੌਤ ਹੀ ਹੈ ਤੇ ਇਸਦੀ ਕਹਾਣੀ ਹੈ ਜ਼ਿੰਦਗੀ ਨਾਲ ਕਸ਼ਮਕਸ਼ ਦੀ। ਲੇਖਕ : ਤਾਰਾ ਸ਼ੰਕਰ ਬੰਦੋਪਾਧਿਆਏ

## ਇੱਕੀ ਕਹਾਣੀਆਂ –

ਮਨੁੱਖੀ ਮਨ ਵੀ ਕੈਸੀ ਚੀਜ਼ ਹੈ ਦੁਨੀਆਂ ਵਿਚ। ਇਨ੍ਹਾਂ ਇੱਕੀ ਕਹਾਣੀਆਂ ਵਿਚ ਇਸੇ ਮਨ ਦੇ ਭਾਂਤ ਭਾਂਤ ਦੇ ਰੂਪਾਂ ਦੀ ਲੀਲਾ ਹੈ। ਲੇਖਕ : ਰਵੀਂਦ੍ਰ ਨਾਥ ਟੈਗੋਰ

## ਸਪਤ ਪਦੀ –

ਕ੍ਰਿਸ਼ਣੇਂਦੂ ਦਾ ਜ਼ੁਰਮ ਇਹੋ ਸੀ ਕਿ ਉਸਨੇ ਜ਼ਿੰਦਗੀ ਨੂੰ ਪਿਆਰ ਨਾਲ ਭਰਨਾ ਚਾਹ ਲਿਆ। ਪਰ ਤਲਖ਼ੀਆਂ ਤੇ ਸੁੰਢ ਨੇ ਉਸਨੂੰ ਕੀ ਦਾ ਕੀ ਬਣਾ ਦਿਤਾ। ਲੇਖਕ : ਤਾਰਾ ਸ਼ੰਕਰ ਬੰਦੋਪਾਧਿਆਏ

## ਕਪਾਲ ਕੁੰਡਲਾ –

ਕੁਦਰਤੀ ਜੀਵਨ ਦੀ ਸਰਲਤਾ ਤੇ ਸ਼ਹਿਰੀ ਜ਼ਿੰਦਗੀ ਦੀ ਕਪਟਤਾ, ਧਰਮਾਂ ਦੇ ਪਰਦੇ ਹੇਠ ਪਲਦੀ ਹਵਸ ਦਾ ਰੋਮਾਂਚਕਾਰੀ ਚਿੱਤਰ। ਲੇਖਕ : ਬੰਕਿਮ ਚੰਦਰ ਚੈਟਰਜੀ

ਅੱਖ ਦੀ ਰੜਕ
ਚੰਦਰ ਸ਼ੇਖਰ
ਮ੍ਰਿਗ ਤ੍ਰਿਸ਼ਨਾ
ਗੋਰਾ
ਕਵੀ

ਮੌਲਿਕ ਪੁਸਤਕਾਂ :-

ਸਿੱਖ ਇਤਿਹਾਸ ਤੇ ਕੂਕੇ
ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ
ਮੈਂ ਅਜੇ ਵਾਪਸ ਨਹੀਂ ਆਇਆ
ਅਲਹ ਵਰਸਉ ਮੇਹੁ
ਸ੍ਰੀ ਦਸ਼ਮੇਸ਼ ਨੰਦੇੜੋਂ ਬਾਅਦ
ਸਤਿਗੁਰ ਤਿਸਕਾ ਨਾਓਂ


ਪਤ੍ਰਿਕਾਵਾਂ ਜਿਨ੍ਹਾਂ 'ਚ ਲੇਖ ਪ੍ਰਕਾਸ਼ਿਤ ਹੁੰਦੇ ਰਹੇ :-
ਨਾਗਮਣੀ
ਆਰਸੀ
ਸਤਿਜੁਗ
ਵਰਿਆਮ
ਵਰਤਮਾਨ ਹਿੰਦੁਸਤਾਨ

ਸੰਪਾਦਨਾ :-
ਰੋਜ਼ਾਨਾ ਨਵਾਂ ਹਿੰਦੁਸਤਾਨ
ਰੋਜ਼ਾਨਾ ਅਭੀਤ
ਚਕ੍ਰਦੂਤ

ਸਰਪ੍ਰਸਤ :
ਵਰਤਮਾਨ ਹਿੰਦੁਸਤਾਨ

## ਦਿੱਲੀ ਵਿਖੇ 'ਵਿਸ਼ਵ ਪੰਜਾਬੀ ਕਾਨਫਰੰਸ' ਅਵਸਰ 'ਤੇ





ਉਪਰਲੀ ਤਸਵੀਰ ਵਿਚ ਸ੍ਰੀ ਅਮਰ ਭਾਰਤੀ ਜੀ ਆਪਣੇ ਮਿੱਤਰ ਪਿਆਰਿਆਂ ਸ੍ਰੀ ਐਚ.ਐਸ.ਹੰਸਪਾਲ, ਸ੍ਰੀ ਜਗਦੀਸ਼ ਸਿੰਘ ਵਰਿਆਮ ਅਤੇ ਸਰਬ ਸ਼ਕਤੀਮਾਨ ਨਾਲ ਜਲ-ਪਾਣ ਕਰਦਿਆਂ ।

ਹੇਠਲੀ ਤਸਵੀਰ ਵਿਚ ਭਾਰਤੀ ਜੀ ਕੁੱਝ ਸਾਹਿਤਕਾਰ ਮਿੱਤਰਾਂ ਵਿਚ ਖੜ੍ਹੇ ਨਜ਼ਰ ਆ ਰਹੇ ਹਨ।

VARTMAN HINDUSTAN
J-29-B Ramesh Nagar, New Delhi-15
R.N.I. No. 63459/96

## ਸਰਵਗੁਣ ਸੰਪੰਨ ਸ਼ਖਸੀਅਤ

# ਸ੍ਰੀ ਅਮਰ ਭਾਰਤੀ ਜੀ



ਆਪ ਹੁਣ ਸਰੀਰ ਕਰਕੇ ਸਾਡੇ ਵਿਚ ਨਹੀਂ ਹਨ

ਜਨਮ : 1.10.1926

ਦੇਹ ਅਵਸਾਣ : 14.4.2004

ਭੋਗ ਤੇ ਸ਼ਰਧਾਂਜਲੀ ਸਮਾਗਮ :
24.04.2004

ਸ਼ਰਧਾਂਜਲੀ ਅੰਕ :
'ਸਤਿਜੁਗ' 'ਵਰਿਆਮ' 'ਵਰਤਮਾਨ ਹਿੰਦੁਸਤਾਨ'

Sarve Shaktiman, Editor, Printer, Publisher, Properietor Printed From Bharat Press, A-26, Indl, Area, Ph-II, Naraina, New Delhi-26
& Published From J-29-B Ramesh Nagar, New Delhi-15 Ph. 25441674, 25448648